Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
"Believe In The Best" ROYAL CANADIAN
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 18 *Issue 196 Friday, October 11, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS *ਹੁਣ ਤੁਸੀਂ 'ਪੰਜਾਬੀ ਪੋਸਟ'* ***Online*** *ਰੋਜ਼ਾਨਾ ਪੜ੍ਹ ਸਕਦੇ ਹੋ*

# ਜਗਮੀਤ ਸਿੰਘ ਨੇ ਕੈਨੇਡੀਅਨਾਂ ਲਈ ਤੈਅ ਕੀਤੀਆਂ ਤਰਜੀਹਾਂ

ਓਟਵਾ, 10 ਅਕਤੂਬਰ (ਪੋਸਟ ਬਿਊਰੋ) : ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਕੁੱਝ ਅਜਿਹੀਆਂ ਤਰਜੀਹਾਂ ਨਿਰਧਾਰਤ ਕੀਤੀਆਂ ਗਈਆਂ ਹਨ ਜਿਨ੍ਹਾਂ ਉੱਤੇ ਸਰਕਾਰ ਵੱਲੋਂ ਕੰਮ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ। ਇਸ ਤੋਂ ਇਲਾਵਾ ਜਗਮੀਤ ਸਿੰਘ ਨੇ ਇਹ ਤਹੱਈਆ ਵੀ ਪ੍ਰਗਟਾਇਆ ਹੈ ਕਿ ਚੋਣਾਂ ਦੇ ਨਤੀਜੇ ਭਾਵੇਂ ਕੁੱਝ ਵੀ ਰਹਿਣ ਪਰ ਉਹ ਇਨ੍ਹਾਂ ਤਰਜੀਹਾਂ ਲਈ ਸੰਘਰਸ਼ ਕਰਨਗੇ।



ਜਗਮੀਤ ਸਿੰਘ ਨੇ ਆਖਿਆ ਕਿ ਲੋਕ ਕੈਨੇਡੀਅਨਾਂ ਨੂੰ ਡਰਾ ਕੇ ਚੋਣਾਂ ਵਿੱਚ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ ਤੇ ਘੱਟ ਨਾਲ ਹੀ ਸਮਝੌਤਾ ਕਰਨ ਲਈ ਮਜਬੂਰ ਕਰਨਾ ਚਾਹੁੰਦੇ ਹਨ। ਡਰ ਨਾਲ ਕੋਈ ਮਸਲਾ ਹੱਲ ਨਹੀਂ ਹੁੰਦਾ ਪਰ ਆਸ ਨਾਲ ਜ਼ਰੂਰ ਹੁੰਦਾ ਹੈ। ਜਗਮੀਤ ਸਿੰਘ ਨੇ ਆਖਿਆ ਕਿ ਉਹ ਪ੍ਰਧਾਨ ਮੰਤਰੀ ਬਣਨ ਲਈ ਮੈਦਾਨ ਵਿੱਚ ਨਿੱਤਰੇ ਹਨ। ਪਰ ਭਾਵੇਂ ਉਹ ਪ੍ਰਧਾਨ ਮੰਤਰੀ ਬਣਦੇ ਹਨ ਜਾਂ ਨਹੀਂ, ਭਾਵੇਂ ਉਹ ਵਿਰੋਧੀ ਧਿਰ ਦੇ ਆਗੂ ਬਣਨ ਤੇ ਜਾਂ ਫਿਰ ਘੱਟ ਗਿਣਤੀ ਸਰਕਾਰ ਵਿੱਚ ਹਿੱਸੇਦਾਰੀ ਪਾਉਣ, ਐਨਡੀਪੀ ਵੱਲੋਂ ਉਹ ਇਹ ਭਰੋਸਾ ਦੇਣਾ ਚਾਹੁੰਦੇ ਹਨ ਕਿ ਅਗਲੀ ਸਰਕਾਰ ਲੋਕਾਂ ਲਈ ਹੀ ਕੰਮ ਕਰੇਗੀ।

ਮੂਲਵਾਸੀ ਲੋਕਾਂ ਨਾਲ ਸੁਲ੍ਹਾ ਦਾ ਮਾਮਲਾ ਹੋਵੇ ਜਾਂ ਫਿਰ ਉਨ੍ਹਾਂ ਨੂੰ ਸਾਫ ਪਾਣੀ ਤੋਂ ਲੈ ਕੇ ਸਾਰੀਆਂ ਸੇਵਾਵਾਂ ਬਰਾਬਰ ਦੇਣ ਦਾ ਮੁੱਦਾ ਹੋਵੇ ਜਗਮੀਤ ਸਿੰਘ ਨੇ ਆਪਣੀਆਂ ਤਰਜੀਹਾਂ ਹੇਠ ਲਿਖੇ ਅਨੁਸਾਰ ਦੱਸੀਆਂ :

- ਕੈਨੇਡੀਅਨਾਂ ਨੂੰ ਕਿਫਾਇਤੀ ਤੇ ਬਿਹਤਰ ਸਿਹਤ ਸਹੂਲਤਾਂ ਲਈ ਨੈਸ਼ਨਲ ਯੂਨੀਵਰਸਲ ਫਾਰਮਾਕੇਅਰ ਪਲੈਨ ਤੇ ਨੈਸ਼ਨਲ ਡੈਂਟਲ ਕੇਅਰ ਪਲੈਨ ਲਿਆਉਣਾ।
- ਕੈਨੇਡੀਅਨਾਂ ਲਈ ਕਿਫਾਇਤੀ ਘਰ ਲਿਆਉਣ ਲਈ ਹਾਊਸਿੰਗ ਵਿੱਚ ਨਿਵੇਸ਼, ਮਨੀ ਲਾਂਡਰਿੰਗ ਖਿਲਾਫ ਕਾਰਵਾਈ ਤੇ ਘਰ ਖਰੀਦਣ ਦੇ ਵਿਦੇਸ਼ੀ ਚਾਹਵਾਨਾਂ ਉੱਤੇ ਟੈਕਸ ਲਾਉਣਾ।

...ਬਾਕੀ ਪੰਨਾ 6 'ਤੇ

# ਕਲਾਈਮੇਟ ਚੇਂਜ ਉੱਤੇ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣ ਤੋਂ ਕੰਜ਼ਰਵੇਟਿਵਾਂ ਨੇ ਕੀਤਾ ਇਨਕਾਰ

ਓਟਵਾ, 10 ਅਕਤੂਬਰ (ਪੋਸਟ ਬਿਊਰੋ) : ਕਲਾਈਮੇਟ ਚੇਂਜ ਦੇ ਸਬੰਧ ਵਿੱਚ ਅਗਲੇ ਹਫਤੇ ਹੋਣ ਵਾਲੀ ਕੌਮੀ ਪੱਧਰ ਦੀ ਬਹਿਸ ਇਸ ਲਈ ਰੱਦ ਕਰ ਦਿੱਤੀ ਗਈ ਕਿਉਂਕਿ ਕੰਜ਼ਰਵੇਟਿਵਾਂ ਨੇ ਇਸ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ।

ਯੂਨੀਵਰਸਿਟੀ ਆਫ ਓਟਵਾ ਦੇ ਸਮਾਰਟ ਪ੍ਰੌਸਪੈਰਿਟੀ ਇੰਸਟੀਚਿਊਟ ਵੱਲੋਂ ਕਲਾਈਮੇਟ ਐਕਸ਼ਨ ਨੈੱਟਵਰਕ ਕੈਨੇਡਾ ਦੇ ਸਹਿਯੋਗ ਨਾਲ ਇਸ ਬਹਿਸ ਨੂੰ 16 ਅਕਤੂਬਰ ਨੂੰ ਕਰਵਾਇਆ ਜਾਣਾ ਸੀ।



ਇਸ ਸਬੰਧ ਵਿੱਚ 9 ਸਤੰਬਰ ਨੂੰ ਹੀ ਲਿਬਰਲਜ਼, ਐਨਡੀਪੀ, ਗ੍ਰੀਨਜ਼ ਤੇ ਕੰਜ਼ਰਵੇਟਿਵਜ਼ ਨੂੰ ਸੱਦੇ ਦੇ ਦਿੱਤੇ ਗਏ ਸਨ ਕਿ ਦੇਸ਼ ਭਰ ਵਿੱਚੋਂ ਇਸ ਬਹਿਸ ਵਿੱਚ ਹਿੱਸਾ ਲੈਣ ਲਈ ਉਹ ਆਪਣੇ ਕਿਸੇ ਵੀ ਨਾਮਜਦ ਉਮੀਦਵਾਰ ਨੂੰ ਭੇਜਣ। ਪਹਿਲੀਆਂ ਤਿੰਨ ਪਾਰਟੀਆਂ ਨੇ ਤਾਂ ਫੌਰੀ ਇਸ ਬਹਿਸ ਲਈ ਹਾਂ ਬੋਲ ਦਿੱਤਾ।ਪਰ ਕੰਜ਼ਰਵੇਟਿਵਾਂ ਨੇ ਪਹਿਲਾਂ ਤਾਂ ਬਹਿਸ ਵਿੱਚ ਹਿੱਸਾ ਲੈਣ ਦੀ ਇੱਛਾ ਪ੍ਰਗਟਾਈ ਪਰ ਬੁੱਧਵਾਰ ਨੂੰ ਉਨ੍ਹਾਂ ਪ੍ਰਬੰਧਕਾਂ ਨੂੰ ਦੱਸਿਆ ਕਿ ਇਸ ਬਹਿਸ ਵਿੱਚ ਹਿੱਸਾ ਲੈਣ ਲਈ ਉਨ੍ਹਾਂ ਨੂੰ ਕੋਈ ਉਮੀਦਵਾਰ ਨਹੀਂ ਮਿਲਿਆ।

...ਬਾਕੀ ਪੰਨਾ 6 'ਤੇ

# ਈਟੋਬੀਕੋ ਨੌਰਥ ਤੋਂ ਜਿੱਤਣ ਲਈ ਸਰਬਜੀਤ ਕੌਰ ਦੀ ਸਿਰੜੀ ਮਿਹਨਤ ਬਾਦਸਤੂਰ ਜਾਰੀ

ਪੰਜਾਬੀ ਪੋਸਟ ਵਿਸ਼ੇਸ਼



ਫੈਡਰਲ ਰਾਈਡਿੰਗ ਈਟੋਬੀਕੋ ਨੌਰਥ ਤੋਂ ਕੰਜ਼ਰਵੇਟਿਵ ਉਮੀਦਵਾਰ ਸਰਬਜੀਤ ਕੌਰ ਨੇ ਲੰਬੇ ਚਿਰ ਤੋਂ ਲਿਬਰਲ ਕਬਜ਼ੇ ਵਾਲੇ ਇਸ ਹਲਕੇ ਨੂੰ ਆਪਣੇ ਹੱਥੀਂ ਲੈਣ ਲਈ ਸਖ਼ਤ ਮਿਹਨਤ ਆਰੰਭੀ ਹੋਈ ਹੈ। 1994 ਵਿੱਚ ਐਮ ਐਸ ਸੀ ਡਿਗਰੀ ਹਾਸਲ ਕਰਕੇ ਕੈਨੇਡਾ ਪੁੱਜੀ ਸਰਬਜੀਤ ਕੌਰ ਨੇ ਕੈਨੇਡਾ ਆ ਕੇ 'ਬੀ ਐਸ ਸੀ, ਬੀ ਐਡ ਡਿਗਰੀ' ਹਾਸਲ ਕੀਤੀ ਅਤੇ ਬੀਤੇ 18 ਸਾਲ ਤੋਂ ਮਾਲਟਨ ਵਿਖੇ ਮੌਰਨਿੰਗ ਸਟਾਰ ਸਕੂਲ ਵਿੱਚ ਅਧਿਆਪਕ ਵਜੋਂ ਕੰਮ ਕਰ ਰਹੀ ਹੈ।

ਉਸਦਾ ਮੁੱਖ ਮੁਕਾਬਲਾ ਲੰਬੇ ਸਮੇਂ ਤੋਂ ਐਮ ਪੀ ਚਲੀ ਆ ਰਹੀ ਕ੍ਰਿਸਟੀ ਡੰਕਨ ਨਾਲ ਹੈ ਜੋ ਟਰੂਡੋ ਸਰਕਾਰ ਵਿੱਚ ਮੰਤਰੀ ਹੈ।

ਪੜ੍ਹੀ ਲਿਖੀ ਹੋਣ ਦੇ ਨਾਲ ਨਾਲ ਇੰਮੀਗਰਾਂਟ ਔਰਤ ਹੋਣ ਬਦੌਲਤ ਜਿੱਥੇ ਕੰਜ਼ਰਵੇਟਿਵ ਪਾਰਟੀ ਲਈ ਸਰਬਜੀਤ ਕੌਰ ਇੱਕ ਕਿਸਮ ਨਾਲ ਸਟਾਰ ਉਮੀਦਵਾਰ ਹੈ ਉੱਥੇ ਉਸ ਸਮੇਤ ਲਿਬਰਲ ਦੀ ਕ੍ਰਿਸਟੀ ਡੰਕਨ ਅਤੇ ਪੀਪਲਜ਼ ਪਾਰਟੀ ਆਫ਼ ਕੈਨੇਡਾ ਦੀ ਰੇਨਾਟਾ ਫੋਰਡ ਵੀ ਔਰਤ ਉਮੀਦਵਾਰ ਹਨ। ਵਰਨਣਯੋਗ ਹੈ ਕਿ ਰੇਨਾਟਾ ਫੋਰਡ ਉਂਟੇਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਵੱਡੇ ਭਰਾ ਅਤੇ ਟੋਰਾਂਟੋ ਦੇ ਸਾਬਕਾ ਮੇਅਰ (ਮਹਿਰੂਮ) ਰੌਬ ਫੋਰਡ ਦੀ ਪਤਨੀ ਹੈ ਪਰ ਉਸਦਾ ਆਪਣੇ ਦਿਉਰ ਡੱਗ ਫੋਰਡ ਨਾਲ ਨਿੱਜੀ ਅਤੇ ਸਿਆਸੀ ਪੱਧਰ ਦੋਵਾਂ ਉੱਤੇ ਇੱਟ ਖੜਿੱਕਾ ਚੱਲਦਾ ਹੈ। ਇਸਦੇ ਉਲਟ ਸਰਬਜੀਤ ਕੌਰ ਦਾ ਡੱਗ ਫੋਰਡ ਸਰਕਾਰ ਵਿੱਚ ਕਾਫ਼ੀ ਬੋਲਬਾਲਾ ਹੈ ਅਤੇ ਡੱਗ ਫੋਰਡ ਦੀ ਕੰਪੇਨ ਵਿੱਚ ਜੁੜੇ ਰਹਿਣ ਕਾਰਣ ਉਸਦੀ ਫੋਰਡ ਪਰਿਵਾਰ ਨਾਲ ਨੇੜਤਾ ਵੀ ਹੈ। ਈਟੋਬੀਕੋ ਨੌਰਥ ਡੱਗ ਫੋਰਡ ਦੀ ਆਪਣੀ ਰਾਈਡਿੰਗ ਹੈ ਜਿਸਦਾ ਸਰਬਜੀਤ ਕੌਰ ਨੂੰ ਲਾਭ ਮਿਲੇਗਾ।

...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
SUPER VISA INSURANCE
VISITOR INSURANCE
LIFE INSURANCE, MORTGAGE INSURANCE, CRITICAL ILLNESS INS, DISABILITY INSURANCE, TRAVEL INS, FUNERAL INSURANCE, RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets, Completly Furnished, Legal Basement, Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.7500
900 Raylawson Blvd. Unit # 6, Brampton

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards
Plazas & Industrial buildings
Banquet halls & restaurants
Gas stations & repair shops
Offices & Clinics
FREE NO OBLIGATION ESTIMATES
We are Professional, Reliable & Experienced
AAA LANDSCAPING CO LTD 647-784-1213

# NEED A LAWYER ??

# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# IT'S TIME FOR A CHANGE!



AFTER 4 YEARS OF
INEFFECTIVE PRESENTATION
IF YOU WANT AN MP WHO CARES,
AN MP YOU CAN TRUST
JOIN THE WINNING TEAM!

For Brampton Centre
**ELECT**
Pawanjit
**GOSAL**

CONSERVATIVE
electgosal@gmail.com
electgosal.ca

647.484.7777
Authorized by the official agent of the Pawanjit Gosal campaign
TeamGosal TeamGosal

IT'S TIME FOR you TO GET AHEAD
CONSERVATIVE

Andrew Scheer and Canada's Conservatives have a plan to put more money in the pockets of Ontario families.

Eliminating the carbon tax
$564 *by 2022

Taking federal portion of HST off of home energy
$113.80 *per household

Universal Income Tax Cut
$850 per household *two income average

Kids' arts, sports and music tax credits
Up to $225

Making maternity and parental benefits tax free
Up to $4,215

RESP contribution increase
$250 *total maximum government contribution to RESPs increase to $750 per year

Public Transit Tax Credit
$508
*Average savings for GO fares from Union Station to Bramalea Station

Increased Age Credit
$150 *per senior



# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street / BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street / BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



# ANDREW SCHEER'S CONSERVATIVE PLAN FOR CANADA

# ਐਂਡਰੀਉ ਸ਼ੀਅਰ ਦੀ ਕੈਨੇਡਾ ਵਾਸਤੇ ਯੋਜਨਾ

- **KEEPS OUR COMMUNITIES SAFE AND PUTS OUR COUNTRY ON THE RIGHT TRACK SO WE CAN FOCUS ON OUR FAMILIES.**
  ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਸਾਡੇ ਦੇਸ ਨੂੰ ਸਹੀ ਰਸਤੇ 'ਤੇ ਕਰਨਾ ਤਾਂ ਜੋ ਅਸੀ ਆਪਣੇ ਪਰਿਵਾਰਾਂ ਵੱਲੋਂ ਧਿਆਨ ਕੇਂਦਰਿਤ ਕਰ ਸਕੀਏ।
- **HELPS ESTABLISH A FAIR, COMPASSIONATE, AND ORDERLY IMMIGRATION SYSTEM THAT PROPERLY SERVES FAMILIES.**
  ਪਰਿਵਾਰਾਂ ਦੀ ਢੁੱਕਵੀ ਸੇਵਾ ਲਈ ਨਿਰਪੱਖ, ਹਮਦਰਦ ਅਤੇ ਵਿਵਸਥਿਤ ਇਮੀਗਰੇਸ਼ਨ ਪਰਣਾਲੀ ਸਥਾਪਿਤ ਕਰਨ ਵਿੱਚ ਸਹਾਇਤਾ ਕਰਨਾ।
- **GIVES OUR POLICE THE EQUIPMENT AND FUNDING THEY NEED TO KEEP OUR COMMUNITIES SAFE AND TO KEEP DRUGS OFF OUR STREETS.**
  ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਤੇ ਨਸ਼ੇ ਗਲੀਆਂ ਤੋਂ ਦੂਰ ਰੱਖਣ ਲਈ ਪੁਲਿਸ ਨੂੰ ਲੋੜੀਂਦਾ ਸਾਜੋ-ਸਾਮਾਨ ਅਤੇ ਫੰਡ ਦੇਣਾ।
- **PUTS MONEY BACK IN YOUR POCKET, WHICH IS EXACTLY WHAT FAMILIES NEED.**
  ਪੈਸੇ ਵਾਪਿਸ ਤੁਹਾਡੀ ਜੇਬ ਵਿੱਚ ਪਾਉਣੇ ਜੋ ਬਿਨਾਸ਼ੱਕ ਪਰਿਵਾਰਾਂ ਨੂੰ ਚਾਹੀਦੇ ਹਨ।
- **AND PROMOTES RELIGIOUS FREEDOM WHILE STRENGTHENING OUR RELATIONSHIP WITH THE SIKH COMMUNITY ACROSS THE GLOBE.**
  ਅਤੇ ਸੰਸਾਰ ਭਰ ਵਿੱਚ ਸਿੱਖ ਕੌਮ ਨਾਲ ਸਾਡਾ ਰਿਸ਼ਤਾ ਮਜ਼ਬੂਤ ਕਰਦੇ ਹੋਏ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ।

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF THE CONSERVATIVE PARTY OF CANADA



CONSERVATIVE
@CPCPCC
CONSERVATIVE.CA
ANDREWSCHEER.CA

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਪੁਲਸੀਏ ਇੱਕ ਨੇ ਕਿਹਾ ਜਦ ਦੂਸਰੇ ਨੂੰ,
ਚੱਕਰ ਮਾਸੀ ਦੇ ਪਿੰਡ ਵੱਲ ਲਾ ਆਈਏ।
ਹਾਲ-ਚਾਲ ਬਈ ਉਨ੍ਹਾਂ ਦਾ ਜਾਣ ਆਈਏ,
ਪਿੰਡ ਦੀ ਬਾਤ ਕੋਈ ਨਾਲੇ ਸੁਣਾ ਆਈਏ।
ਝਗੜਾ ਮਾਸੀ ਦੀ ਨੂੰਹ ਕੁਝ ਕਰੀ ਜਾਂਦੀ,
ਬਿਠਾ ਕੇ ਓਸ ਨੂੰ ਨਾਲੇ ਸਮਝਾ ਆਈਏ।
ਵੱਟ ਦਾ ਚੱਕਰ ਜਿਹਾ ਨਾਲ ਗਵਾਂਢੀਆਂ ਦੇ,
ਦਬਕਾ-ਸ਼ਬਕਾ ਕੁਝ ਮਾਰ ਮੁਕਾ ਆਈਏ।
ਆਖਿਆ ਦੂਜੇ ਨੇ ਬੈਠ ਰਹਿ ਚੁੱਪ ਕਰ ਕੇ,
ਪਿੰਡਾਂ ਵਿੱਚ ਰਹੀ ਜਾਣ ਦੀ ਵਾਹ ਨਹੀਉਂ।
ਮਿਲ ਕੇ ਘੇਰ ਲਿਆ ਲੋਕਾਂ ਤਾਂ ਕੁੱਟ ਦੇਣਾ,
ਲੱਭਣਾ ਭੱਜਣ ਦਾ ਮਿਤਰਾ ਰਾਹ ਨਹੀਂਉਂ।

**ਤੀਸ ਮਾਰ ਖਾਂ**

# ਬਰੈਂਪਟਨ ਵੈਸਟ: ਕਮਲ ਖੈਰ੍ਹਾ ਨੂੰ ਮਿਲ ਰਿਹੈ ਕਮਜ਼ੋਰ ਵਿਰੋਧੀ ਉਮੀਦਵਾਰਾਂ ਦਾ ਲਾਭ

**ਪੰਜਾਬੀ ਪੋਸਟ ਵਿਸ਼ੇਸ਼**

ਬਰੈਂਪਟਨ ਵੈਸਟ ਤੋਂ ਲਿਬਰਲ ਉਮੀਦਵਾਰ ਅਤੇ ਵਰਤਮਾਨ ਐਮ ਪੀ ਕਮਲ ਖੈਰ੍ਹਾ ਉਹਨਾਂ ਕੁੱਝ ਆਸਵੰਦ ਉਮੀਦਵਾਰਾਂ ਵਿੱਚੋਂ ਹੈ ਜਿਹਨਾਂ ਨੂੰ ਆਪਣੀ ਜਿੱਤ ਜੇ ਯਕੀਨੀ ਨਹੀਂ ਵਿਖਾਈ ਦੇ ਰਹੀ ਤਾਂ ਉਸਦੀ ਆਸ ਯਕੀਨ ਤੋਂ ਦੂਰ ਵੀ ਨਹੀਂ ਜਾਪਦੀ।

ਕਮਲ ਖੈਰ੍ਹਾ ਦੇ ਇਸ ਰਾਈਡਿੰਗ ਤੋਂ ਜਿੱਤਣ ਦੇ ਆਸਾਰ ਸਿਰਫ਼ ਇਸ ਲਈ ਨਹੀਂ ਹਨ ਕਿ ਉਹ 2015 ਤੋਂ ਚੁਣੀ ਆ ਰਹੀ ਵਰਤਮਾਨ ਮੈਂਬਰ ਪਾਰਲੀਮੈਂਟ ਹੈ ਸਗੋਂ ਇਸ ਲਈ ਵੀ ਹਨ ਕਿ ਉਸਦੇ ਵਿਰੋਧ ਵਿੱਚ ਖੜੇ ਉਮੀਦਵਾਰਾਂ ਦਾ ਕਮਿਉਨਿਟੀ ਵਿੱਚ ਕੋਈ ਬਹੁਤਾ ਮਜ਼ਬੂਤ ਆਧਾਰ ਨਹੀਂ ਹੈ। ਬੇਸ਼ੱਕ 2015 ਵਰਗੀ ਲਹਿਰ ਇਸ ਵਾਰ ਲਿਬਰਲ ਪਾਰਟੀ ਦੇ ਹੱਕ ਵਿੱਚ ਵੇਖਣ ਨੂੰ ਨਹੀਂ ਮਿਲ ਰਹੀ ਅਤੇ ਮੁਕਾ-ਬਲਾ ਸ਼ਰਤੀਆ ਹੀ ਸਖਤ ਹੋਇਆ ਹੈ, ਇਸਦੇ ਬਾਵਜੂਦ ਵਿਰੋਧੀ ਉਮੀਦਵਾਰਾਂ ਵੱਲੋਂ ਕਮਲ ਖੈਰ੍ਹਾ ਦੇ ਕਿਲੇ ਨੂੰ ਕਿੰਨੀ ਕੁ ਢਾਹ ਲਾਈ ਜਾ ਸਕੇਗੀ, ਇਸ ਬਾਰੇ ਕੁੱਝ ਵੀ ਆਖਣਾ ਮੁਸ਼ਕਲ ਹੈ ਜਿਸਦਾ ਕਾਰਣ ਵਿਰੋਧੀ ਉਮੀਦਵਾਰਾਂ ਦਾ ਆਪਣਾ ਕਮਜ਼ੋਰ ਆਧਾਰ ਹੈ। ਕਿੱਤੇ ਵਜੋਂ ਰਜਿਸਟਰਡ ਨਰਸ ਕਮਲ ਖੈਰ੍ਹਾ ਨੇ ਪਿਛਲੇ ਪੰਜ ਸਾਲਾਂ ਵਿੱਚ ਟਰੂਡੋ ਸਰਕਾਰ ਵਿੱਚ ਕਈ ਵਿਭਿੰਨ ਅਤੇ ਜੁੰਮੇਵਾਰ ਅਹੁਦਿਆਂ ਉੱਤੇ ਕੰਮ ਕੀਤਾ ਹੈ ਜਿਸ ਵਿੱਚ ਸਿਹਤ ਮੰਤਰੀ ਅਤੇ ਕੌਮੀ ਰੈਵੇਨਿਊ ਮੰਤਰੀ ਦੀ ਪਾਰਲੀਮਾਨੀ ਸਕੱਤਰ ਦਾ ਰੋਲ ਸ਼ਾਮਲ ਹੈ।

ਇਸ ਰਾਈਡਿੰਗ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਮੁਰਾਰੀਲਾਲ ਥਪਲਿਆਲ ਹਨ ਜੋ ਕਿੱਤੇ ਵਜੋਂ ਇੱਕ ਵਕੀਲ ਹੈ। ਗਰੇਟਰ ਟੋਰਾਂਟੋ ਏਰੀਆ ਦੀਆਂ ਕਈ ਕੰਜ਼ਰਵੇਟਿਵ ਰਾਈਡਿੰਗ ਵਾਗੂੰ ਥਪਲਿਆਲ ਦੀ ਨੌਮੀਨੇਸ਼ਨ ਵੀ ਚਰਚਿਤ ਰਹੀ। ਚਰਚਾ ਹੈ ਕਿ ਪਾਰਟੀ ਹਾਈ ਕਮਾਂਡ ਵੱਲੋਂ ਉਸਦੀ ਜਿੱਤ ਵਿੱਚ ਅਸਿੱਧੇ ਢੰਗ ਨਾਲ ਯਕੀਨੀ ਬਣਾਉਣ ਵਿੱਚ ਰੋਲ ਅਦਾ ਕੀਤਾ ਗਿਆ। ਉਸਦੀ ਵਿਰੋਧੀ ਨੌਮੀਨੇਸ਼ਨ ਉਮੀਦਵਾਰ ਨਿੱਕੀ ਸਿੰਘ ਨੂੰ ਬਰੈਂਪਟਨ ਵੈਸਟ ਦੀ ਨੌਮੀਨੇਸ਼ਨ ਚੋਣ ਤੋਂ ਚੰਦ ਦਿਨ ਅੰਦਰ ਹੀ ਚਮਤਕਾਰੀ ਢੰਗ ਨਾਲ ਸਟੋਨੀ ਕਰੀਕ ਰਾਈਡਿੰਗ ਤੋਂ ਉਮੀਦਵਾਰ ਬਣਾਉਣ ਦੀ ਪ੍ਰਕਿਰਿਆ ਨੇ ਇਸ ਚਰਚਾ ਨੂੰ ਹੋਰ ਮਜ਼ਬੂਤ ਕੀਤਾ ਹੈ। ਬਰੈਂਪਟਨ ਦੀਆਂ ਸਾਰੀਆਂ ਰਾਈਡਿੰਗਾਂ ਵਾਗੂੰ ਬਰੈਂਪਟਨ ਵੈਸਟ ਵਿੱਚ ਵੀ ਪੰਜਾਬੀ ਵੋਟਰ ਕਿਸੇ ਹੱਦ ਤੱਕ ਨਿਰਣਾਇਕ ਭੂਮਿਕਾ ਅਦਾ ਕਰਦੇ ਹਨ। ਪੰਜਾਬੀ ਭਾਈਚਾਰੇ ਤੱਕ ਅਸਰਦਾਰ ਪਹੁੰਚ ਕਰਨ ਲਈ ਥਪਲਿਆਲ ਨੂੰ ਕਾਫ਼ੀ ਸਖ਼ਤ ਮਿਹਨਤ ਕਰਨੀ ਹੋਵੇਗੀ ਜਦੋਂ ਕਿ ਕਮਲ ਖੈਰ੍ਹਾ ਅਤੇ ਐਨ ਡੀ ਪੀ ਦੀ ਨਵਜੀਤ ਕੌਰ ਲਈ ਅਜਿਹੀ ਅੜਚਣ ਨਹੀਂ ਹੋਵੇਗੀ। ਸ਼ਾਇਦ ਇਹੀ ਕਾਰਣ ਹੈ ਕਿ ਮੁਰਾਰੀਲਾਲ ਥਪਲਿਆਲ ਕੈਨੇਡੀਅਨ ਪੰਜਾਬੀ ਬ੍ਰਾਡਕਾਸਟਰ ਐਸੋਸੀਏਸ਼ਨ ਸਮੇਤ ਕਈ ਹੋਰ ਡੀਬੇਟਸ ਵਿਚੋਂ ਗੈਰ ਹਾਜਰ ਰਿਹਾ ਹੈ। ਕਿਸੇ ਵੀ ਉਮੀਦਵਾਰ ਵਾਸਤੇ ਅਜਿਹਾ ਕਰਨਾ ਸ਼ੁਭ ਸ਼ਗਨ ਨਹੀਂ ਕਿਹਾ ਜਾ ਸਕਦਾ।


ਕਮਲ ਖੈਰ੍ਹਾ


ਨਵਜੀਤ ਕੌਰ


ਮੁਰਾਰੀਲਾਲ ਥਪਲਿਆਲ

ਡੀਬੇਟ ਦਾ ਜ਼ਿਕਰ ਕਰਦੇ ਹੋਏ ਇਹ ਮੰਨਣਾ ਹੋਵੇਗਾ ਕਿ ਕਮਲ ਖੈਰ੍ਹਾ ਅਤੇ ਨਵਜੀਤ ਕੌਰ ਬੇਸ਼ੱਕ ਸਿਰੜ ਨਾਲ ਭਾਗ ਲੈਂਦੀਆਂ ਰਹੀਆਂ ਹਨ ਪਰ ਦੋਵਾਂ ਦੀ ਮੁੱਦਿਆਂ ਉੱਤੇ ਪਕੜ ਦੀ ਘਾਟ ਸਾਫ਼ ਨਜ਼ਰ ਆਈ ਹੈ ਖਾਸ ਕਰਕੇ ਜਦੋਂ ਅੰਕੜੇ ਦੇ ਕੇ ਨੁਕਤੇ ਨਜ਼ਰ ਨੂੰ ਪੇਸ਼ ਕਰਨ ਦਾ ਸੁਆਲ ਹੁੰਦਾ ਹੈ। ਐਨ ਡੀ ਪੀ ਉਮੀਦਵਾਰ ਨਵਜੀਤ ਕੌਰ ਬਹੁਤ ਹੀ ਸ਼ਰੀਫ਼ ਅਤੇ ਸਾਊ ਸੁਭਾਊ ਦੀ ਹੋਣ ਕਾਰਣ ਡੀਬੇਟ ਵਿੱਚ ਆਪਣੇ ਪੱਖ ਨੂੰ ਪੇਸ਼ ਕਰਨ ਵਿੱਚ ਢਿੱਲ ਵਿਖਾਉਂਦੇ ਸਾਫ਼ ਨਜ਼ਰ ਆਈ ਹੈ। ਕਮਲ ਖੈਰ੍ਹਾ ਦੇ ਹੱਕ ਵਿੱਚ ਕਹਿਣਾ ਹੋਵੇਗਾ ਕਿ ਉਸ ਕੋਲ ਤੱਥ ਸਹੀ ਹੋਣ ਜਾਂ ਨਾ ਪਰ ਉਹ ਆਪਣੀ ਗੱਲ ਨੂੰ ਬੇਝਿਜਕ ਢੰਗ ਨਾਲ ਪੇਸ਼ ਕਰਨ ਦਾ ਹੀਆ ਰੱਖਦੀ ਹੈ।

ਜੇ ਮੁੱਖ ਧਾਰਾ ਦੀਆਂ ਏਜੰਸੀਆਂ ਵੱਲੋਂ ਕਰਵਾਏ ਗਏ ਵੱਖ ਵੱਖ ਚੋਣ ਸਰਵੇਖਣਾਂ ਦੀ ਗੱਲ ਕੀਤੀ ਜਾਵੇ ਤਾਂ ਅੱਜ ਦੇ ਦਿਨ ਕਮਲ ਖੈਰ੍ਹਾ ਨੂੰ 43%, ਮੁਰਾਰੀਲਾਲ ਥਪਲਿਆਲ ਨੂੰ 34%, ਐਨ ਡੀ ਪੀ ਦੀ ਨਵਜੀਤ ਕੌਰ ਨੂੰ 14% ਵੋਟਾਂ ਮਿਲਣ ਦੀ ਆਸ ਹੈ। ਗਰੀਨ ਪਾਰਟੀ ਦੀ ਗੇਲ ਪਿਟਨੀ ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਰੌਜਰ ਸਿੰਪਸਨ ਦਾ ਕੋਈ ਬਹੁਤਾ ਮਜ਼ਬੂਤ ਆਧਾਰ ਨਹੀਂ ਹੈ।

ਇਸ ਰਾਈਡਿੰਗ ਸਿਰ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਇੱਥੇ 2019 ਦੀਆਂ ਚੋਣਾਂ ਦੀ ਸੱਭ ਤੋਂ ਵੱਡੀ ਐਂਡਰੋਸਮੈਂਟ ਚੋਣ ਪ੍ਰਚਾਰ ਦੇ ਐਨ ਮੱਧ ਵਿੱਚ ਵਾਪਰੀ ਹੈ। ਬੀਤੇ ਹਫ਼ਤੇ ਉਂਟੇਰੀਓ ਪਾਰਲੀਮੈਂਟ ਲਈ ਇਸ ਰਾਈਡਿੰਗ ਤੋਂ ਐਨ ਡੀ ਪੀ ਉਮੀਦਵਾਰ ਜਗਰੂਪ ਸਿੰਘ ਨੇ ਆਪਣੀ ਪਾਰਟੀ ਦਾ ਸਾਥ ਛੱਡ ਕੇ ਲਿਬਰਲ ਕਮਲ ਖੈਰ੍ਹਾ ਦੇ ਹੱਕ ਵਿੱਚ ਨਿੱਤਰਨ ਦਾ ਐਲਾਨ ਕੀਤਾ ਹੈ। ਵਰਨਣਯੋਗ ਹੈ ਕਿ ਜਗਰੂਪ ਸਿੰਘ 2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਮਹਿਜ਼ 400 ਵੋਟਾਂ ਦੇ ਫਰਕ ਨਾਲ ਹਾਰਿਆ ਸੀ। ਉਸਦਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਅਸਰ ਰਸੂਖ ਹੈ ਅਤੇ ਵਧੀਆ ਬੁਲਾਰਾ ਹੈ। ਇਸ ਐਂਡਰੋਸਮੈਂਟ ਨਾਲ ਨਵਜੀਤ ਕੌਰ ਦੀ ਚੋਣ ਮੁਹਿੰਮ ਨੂੰ ਸ਼ਰਤੀਆ ਹੀ ਧੱਕਾ ਲੱਗਿਆ ਹੈ। ਬੀਤੇ ਦਿਨਾਂ ਵਿੱਚ ਐਨ ਡੀ ਪੀ ਆਗੂ ਜਗਮੀਤ ਸਿੰਘ ਦੀ ਕੌਮੀ ਪੱਧਰ ਉੱਤੇ ਹੋਈ ਚੜ੍ਹਤ ਦਾ ਜਿੰਨਾ ਕੁ ਲਾਭ ਨਵਜੀਤ ਕੌਰ ਨੂੰ ਮਿਲੇਗਾ, ਉੱਨਾ ਹੀ ਨੁਕਸਾਨ ਜਗਰੂਪ ਸਿੰਘ ਦੇ ਚਲੇ ਜਾਣ ਨਾਲ ਹੋਣ ਦੇ ਆਸਾਰ ਹਨ। ਨਤੀਜੇ ਵਜੋਂ ਕੁੱਝ ਚੁਣੌਤੀਆਂ ਦੇ ਬਾਵਜੂਦ ਕਮਲ ਖੈਰ੍ਹਾ ਲਈ ਮੈਦਾਨ ਕਿਸੇ ਹੱਦ ਤੱਕ ਸਾਫ਼ ਨਜ਼ਰ ਆ ਰਿਹਾ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
Ask For:
• Saffron Oil
• Therapeutic Essential Oils
• Herbal Teas
Pain-Care — Joint Support — $9.99
Ext. Use Only
He-Oil — For Men Only — $19.99
Stress-Care — Feel Relaxed — $9.99
GLOBAL NATURAL REMEDIES

## ਬਰੈਂਪਟਨ ਵੈਸਟ ਤੋਂ ਪ੍ਰੋਵਿੰਸ਼ੀਅਲ ਐਨ ਡੀ ਪੀ ਉਮੀਦਵਾਰ ਲਿਬਰਲ ਕਮਲ ਖੈਰ੍ਹਾ ਦੇ ਸਮਰਥਨ ਉੱਤੇ ਨਿੱਤਰਿਆ

ਬਰੈਂਪਟਨ, ਉਂਟੇਰੀਓ, 10 ਅਕਤੂਬਰ : 2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਐਨ ਡੀ ਪੀ ਦੇ ਬਰੈਂਪਟਨ ਵੈਸਟ ਰਾਈਡਿੰਗ ਤੋਂ ਉਮੀਦਵਾਰ ਜਗਰੂਪ ਸਿੰਘ ਨੇ ਇਸ ਹਫ਼ਤੇ ਕਮਲ ਖੈਰ੍ਹਾ ਦਾ ਸਮਰੱਥਨ ਕਰਨ ਦਾ ਐਲਾਨ ਕੀਤਾ ਹੈ। ਜਗਰੂਪ ਸਿੰਘ ਦੀ ਪਿਛਲੇ ਸਾਲ ਦੀਆਂ ਚੋਣਾਂ ਵਿੱਚ ਮਹਿਜ਼ 490 ਵੋਟਾਂ ਨਾਲ ਹਾਰ ਹੋਈ ਸੀ। ਸਿੰਘ ਨੇ ਕਿਹਾ ਕਿ ਉਸਨੇ ਆ ਰਹੀਆਂ ਚੋਣਾਂ ਵਿੱਚ ਬਰੈਂਪਟਨ ਵੈਸਟ ਤੋਂ ਖੜ੍ਹੇ ਉਮੀਦਵਾਰਾਂ ਦਾ ਮੁਲਾਂਕਣ ਕਰਨ ਲਈ ਸਮਾਂ ਕੱਢਿਆ ਅਤੇ ਇਹ ਕਮਲ ਖੈਰ੍ਹਾ ਦੀ ਬਰੈਂਪਟਨ ਵੈਸਟ ਨੂੰ ਦਰਪੇਸ਼ ਚੁਣੌਤੀਆਂ ਬਾਰੇ ਇਮਾਨਦਾਰ ਅਤੇ ਵਿਹਾਰਕ ਪਹੁੰਚ ਅਤੇ ਮੁਸ਼ਕਲਾਂ ਦੇ ਹੱਲ ਲਈ ਰਲ ਮਿਲ ਕੇ ਕੰਮ ਕਰਨ ਦੀ ਕਮਲ ਦੀ ਕਾਬਲੀਅਤ ਸੀ ਜਿਸਨੇ ਉਸਨੂੰ ਸੱਭ ਤੋਂ ਵੱਧ ਪ੍ਰਭਾਵਿਤ ਕੀਤਾ। ਉਸਨੇ ਗੱਲ ਨੋਟ ਕੀਤੀ ਕਿ "ਕਮਲ ਕਮਿਉਨਿਟੀ ਵਿੱਚ ਯੂਥ ਦੀ ਦ੍ਰਿੜ ਸਮਰੱਥਕ ਰਹੀ ਹੈ ਜੋ ਕਿ 21 ਅਕਤੂਬਰ ਨੂੰ ਹੋਣ ਜਾ ਰਹੀਆਂ ਵੋਟਾਂ ਵਿੱਚ ਵੋਟਰਾਂ ਦਾ ਸੱਭ ਤੋਂ ਵੱਡਾ ਹਿੱਸਾ ਹੋਣਗੇ।"

ਸਿੰਘ ਨੇ ਚੋਣ ਪ੍ਰਚਾਰ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕੀਤੀ ਅਤੇ ਚੋਣ ਦੇ ਇਹਨਾਂ ਆਖਰੀ ਅਤੇ ਨਾਜ਼ੁਕ ਦਿਨਾਂ ਵਿੱਚ ਬਰੈਂਪਟਨ ਵੈਸਟ ਦੇ ਚੋਣ ਪ੍ਰਚਾਰ ਵਿੱਚ ਆਪਣਾ ਯੋਗਦਾਨ ਪਾਉਣ ਦੀ ਇੱਛਾ ਜਾਹਰ ਕੀਤੀ। ਜਿਸ ਪਾਰਟੀ ਦੇ ਝੰਡੇ ਥੱਲੇ ਉਸਨੇ ਪਿਛਲੇ ਸਾਲ ਬਰੈਂਪਟਨ ਵੈਸਟ ਤੋਂ ਚੋਣ ਲੜੀ ਸੀ, ਉਸ ਐਨ ਡੀ ਪੀ ਦੇ ਵਿਰੁੱਧ ਜਾਣ ਦੇ ਫੈਸਲੇ ਦਾ ਜਵਾਬ ਦੇਂਦੇ ਸਿੰਘ ਨੇ ਕਿਹਾ ਕਿ ਜਿਸ ਢੰਗ ਨਾਲ ਫੈਡਰਲ ਐਨ ਡੀ ਪੀ ਪੁਰਾਣੇ ਸਮਰੱਥਕਾਂ ਅਤੇ ਵਾਲੰਟੀਅਰਾਂ ਦੀ ਅਣਦੇਖੀ ਕਰ ਰਹੀ ਹੈ ਅਤੇ ਜਿਵੇਂ ਢੰਗ ਨਾਲ ਚੋਣਾਂ ਵਿੱਚ ਬਾਹਰੋਂ ਲਿਆ ਕੇ ਉਮੀਦਵਾਰ ਪੈਰਾਸ਼ੂਟ ਕੀਤੇ ਜਾ ਰਹੇ ਹਨ, ਉਸਤੋਂ ਉਹ ਬਹੁਤ ਨਿਰਉਤਸ਼ਾਹਿਤ ਹੋਇਆ ਸੀ। ਸਿੰਘ ਨੇ ਕਿਹਾ ਕਿ ਉਹ ਹੁਣ 'ਐਨ ਡੀ ਪੀ ਦੇ ਵਾਅਦਿਆਂ ਦਾ ਬਿਲਕੁਲ ਯਕੀਨ ਨਹੀਂ ਕਰਦਾ ਕਿਉਂਕਿ ਉਹਨਾਂ ਦੀਆਂ ਚਾਲਾਂ ਇੱਕ ਅਜਿਹੇ ਸੱਚ ਨੂੰ ਉਜਾਗਰ ਕਰਦੀਆਂ ਹਨ ਜੋ ਉਹਨਾਂ ਦੇ ਪਲੇਟਫਾਰਮਦਾ ਸੱਚ ਨਹੀਂ ਹੈ।

ਕਮਲ ਖੈਰ੍ਹਾ ਨੇ ਸਿੰਘ ਵਿੱਚ ਮੌਜੂਦ ਕਦਰਾਂ ਕੀਮਤਾਂ ਲਈ ਖੜ੍ਹੇ ਹੋਣ ਦੇ ਹੌਂਸਲੇ ਦੀ ਦਾਦ ਦਿੱਤੀ ਹੈ। ਖੈਰ੍ਹਾ ਨੇ ਕਿਹਾ ਕਿ "ਜਗਰੂਪ ਨੇ ਪਿਛਲੇ ਸਾਲ ਇੱਕ ਸ਼ਖਤ ਚੋਣ ਮੁਕਾਬਲਾ ਲੜਿਆ ਸੀ ਅਤੇ ਮੈਂ ਜਾਣਦੀ ਹਾਂ ਕਿ ਉਹ ਬਰੈਂਪਟਨ ਵੈਸਟ ਵਿੱਚ ਪਰਿਵਾਰਾਂ ਵਾਸਤੇ ਇੱਕ ਚੰਗਾ ਭੱਵਿਖ ਉਸਾਰਨ ਦਾ ਸਮਰੱਥਕ ਹੈ। ਮੈਂ ਉਸਦੇ ਸਮਰੱਥਨ ਲਈ ਧੰਨਵਾਦੀ ਹਾਂ ਅਤੇ ਸਮਝਦੀ ਹਾਂ ਕਿ ਜਦੋਂ ਅਸੀਂ ਚੋਣਾਂ ਦੇ ਆਖਰੀ ਦੌਰ ਵਿੱਚ ਦਾਖ਼ਲ ਹੋ ਰਹੇ ਹਾਂ, ਜਗਰੂਪ ਸਾਡੀ ਚੋਣ ਮੁਹਿੰਮ ਵਿੱਚ ਇੱਕ ਨਵਾਂ ਜੋਸ਼ ਅਤੇ ਉਤਸ਼ਾਹ ਭਰੇਗਾ।

# ਆਖਰੀ ਬਹਿਸ ਵਿੱਚ ਟਰੂਡੋ ਨੂੰ ਟੁੱਟੇ ਵਾਅਦੇ ਯਾਦ ਕਰਾਵੇਗੀ ਐਨਡੀਪੀ

ਓਟਵਾ, 10 ਅਕਤੂਬਰ (ਪੋਸਟ ਬਿਊਰੋ) : ਫੈਡਰਲ ਚੋਣ ਕੈਂਪੇਨ ਦੀ ਆਖਰੀ ਬਹਿਸ ਅੱਜ ਰਾਤ ਹੋਣੀ ਤੈਅ ਹੈ ਤੇ ਇਸ ਦੇ ਨਾਲ ਹੀ ਐਨਡੀਪੀ ਵੱਲੋਂ ਜਸਟਿਨ ਟਰੂਡੋ ਨੂੰ ਇਲੈਕਟੋਰਲ ਸਿਸਟਮ ਬਦਲਣ ਸਬੰਧੀ ਉਨ੍ਹਾਂ ਦੇ ਟੁੱਟੇ ਹੋਏ ਵਾਅਦੇ ਯਾਦ ਕਰਵਾਏ ਜਾਣ ਦਾ ਫੈਸਲਾ ਕੀਤਾ ਗਿਆ ਹੈ।

ਓਟਵਾ ਸੈਂਟਰ ਤੋਂ ਉਮੀਦਵਾਰ ਐਮਿਲੀ ਤਮਨ, ਜੋ ਕਿ ਲਿਬਰਲ ਮੰਤਰੀ ਕੈਥਰੀਨ ਮੈਕੇਨਾ ਖਿਲਾਫ ਚੋਣ ਮੈਦਾਨ ਵਿੱਚ ਹੈ, ਵੱਲੋਂ ਅੱਜ ਪਾਰਲੀਆਮੈਂਟ ਦੇ ਲਾਅਨ ਵਿੱਚ ਕਰਵਾਏ ਜਾਣ ਵਾਲੇ ਇੱਕ ਈਵੈਂਟ ਵਿੱਚ ਪ੍ਰਪੋਸ਼ਨਲ ਨੁਮਾਇੰਦਗੀ ਸਬੰਧੀ ਜਾਣਕਾਰੀ ਦੇਣ ਦਾ ਵਾਅਦਾ ਕੀਤਾ ਗਿਆ ਹੈ ਤੇ ਇਸ ਦੇ ਨਾਲ ਹੀ ਵੋਟਿੰਗ ਲਈ ਉਮਰ ਘਟਾ ਕੇ 16 ਸਾਲ ਕਰਨ ਦੀ ਪੈਰਵੀ ਵੀ ਕੀਤੀ ਜਾਵੇਗੀ।

2015 ਵਿੱਚ ਲਿਬਰਲਾਂ ਵੱਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ ਇਹ ਰਵਾਇਤੀ ਫਰਸਟ ਪਾਸਟ ਦਾ ਪੋਸਟ ਇਲੈਕਟੋਰਲ ਸਿਸਟਮ ਤਹਿਤ ਆਖਰੀ ਚੋਣਾਂ ਹੋਣਗੀਆਂ। ਪਰ ਇਸ ਮੁੱਦੇ ਦੀ ਜਾਂਚ ਲਈ ਕਾਇਮ ਕੀਤੀ ਗਈ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਖਿਲਵਾੜ ਤੋਂ ਇਲਾਵਾ ਇਹ ਹੋਰ ਕੁੱਝ ਨਹੀਂ ਸੀ। ਇਸ ਦੌਰਾਨ ਟਰੂਡੋ ਅੱਜ ਸਵੇਰੇ ਓਟਵਾ ਦੇ ਪੇਂਡੂ ਇਲਾਕੇ ਦਾ ਦੌਰਾ ਕਰਨਗੇ ਤੇ ਉੱਥੇ ਕੰਜ਼ਰਵੇਟਿਵ ਉਮੀਦਵਾਰ ਪਿਏਰੇ ਪੋਇਲੀਵਰ ਨੂੰ ਹਰਾਉਣ ਲਈ ਲਿਬਰਲ ਉਮੀਦਵਾਰ ਦੀ ਹੌਸਲਾ ਅਫਜ਼ਾਈ ਕਰਨਗੇ।

ਪਰ ਅੱਜ ਦੇ ਦਿਨ ਦੀ ਸੱਭ ਤੋਂ ਵੱਡੀ ਖਬਰ ਬਹਿਸ ਰਹਿਣ ਵਾਲੀ ਹੈ, ਜੋ ਕਿ ਗੈਟਿਨਿਊ, ਕਿਊਬਿਕ ਵਿੱਚ ਰਾਤੀਂ 8:00 ਵਜੇ ਸ਼ੁਰੂ ਹੋਵੇਗੀ। ਫਰੈਂਚ ਭਾਸ਼ਾ ਦੀ ਇਸ ਬਹਿਸ ਵਿੱਚ ਸਾਰੀਆਂ ਪਾਰਟੀਆਂ ਦੇ ਆਗੂਆਂ ਕੋਲ ਆਪਣਾ ਪੱਖ ਕੈਨੇਡੀਅਨਾਂ ਸਾਹਮਣੇ ਰੱਖਣ ਦਾ ਆਖਰੀ ਮੌਕਾ ਹੋਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਕੈਲਗਰੀ ਦੇ ਜਤਿੰਦਰ ਸਿੰਘ ਨੂੰ ਮਿਲਿਆ ਬਿਹਤਰੀਨ ਡਰਾਈਵਰ ਦਾ ਸਨਮਾਨ




ਅਮਰੀਕਾ ਦੀ ਸੰਸਥਾ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਟਰਾਂਸਪੋਰਟੇਸ਼ਨ ਰੈਗੂਲੇਟਰਜ਼(ਆਈਏਟੀਆਰ) ਨੇ ਇਸ ਸਾਲ ਦਾ ਬਿਹਤਰੀਨ ਕੈਬ ਡਰਾਈਵਰ ਦਾ ਸਨਮਾਨ ਕੈਲਗਰੀ ਦੇ ਜਤਿੰਦਰ ਸਿੰਘ ਤਤਲਾ ਨੂੰ ਦਿੱਤਾ ਹੈ। ਉਹਨਾਂ ਨੂੰ ਇਹ ਸਨਮਾਨ ਕੈਲਗਰੀ ਵਿੱਚ ਪਿਛਲੇ ਦਿਨੀਂ ਹੋਏ ਸਨਮਾਨ ਸਮਾਰੋਹ ਦੌਰਾਨ ਦਿੱਤਾ ਗਿਆ। ਟੈਕਸੀ ਕਿੱਤੇ ਵਿੱਚ ਲੋਕ ਉਹਨਾਂ ਨੂੰ 'ਜੈਸ ਤਤਲਾ' ਤੇ ਪੰਜਾਬੀ ਭਾਈਚਾਰੇ ਵਿੱਚ ਜਤਿੰਦਰ ਸਿੰਘ ਲੰਮਾ ਦੇ ਨਾਂ ਨਾ਼ਲ ਜਾਣਦੇ ਹਨ।

ਲੁਧਿਆਣਾ ਜ਼ਿਲੇ ਦੇ ਪਿੰਡ ਲੰਮਾ(ਨੇੜੇ ਰਾਏਕੋਟ) ਨਾ਼ਲ ਸੰਬਧਿਤ 41 ਸਾਲਾ ਜਤਿੰਦਰ ਸਿੰਘ ਪਿਛਲੇ ਡੇਢ ਦਹਾਕੇ ਤੋਂ ਕੈਲਗਰੀ ਵਿੱਚ ਰਹਿ ਰਹੇ ਹਨ। ਉਹ ਪਿਛਲੇ ਦਸ ਸਾਲ ਤੋਂ ਟੈਕਸੀ ਚਲਾ ਰਹੇ ਹਨ ਤੇ ਤਿੰਨ ਸਾਲ ਤੋਂ ਉਹ ਕੈਲਗਰੀ ਦੀ ਟੈਕਸੀ ਕੰਪਨੀ ਚੈਕਰ ਕੈਬ ਵਿੱਚ ਕੰਮ ਕਰ ਰਹੇ ਹਨ। ਚੈਕਰ ਕੈਬ ਦੇ ਪ੍ਰਧਾਨ ਕੁਰਟ ਐਂਡਰਜ਼ ਨੇ ਦੱਸਿਆ ਕਿ ਉਹਨਾਂ ਦੀ ਕੰਪਨੀ ਜਤਿੰਦਰ ਵਰਗੇ ਡਰਾਈਵਰਾਂ ਤੇ ਮਾਣ ਹੈ। ਇਸੇ ਸਾਲ ਜਤਿੰਦਰ ਸਿੰਘ ਨੂੰ ਕੈਲਗਰੀ ਦੇ ਟੂਰਿਜ਼ ਵਿਭਾਗ ਵਲੋਂ ਵੀ ਕੈਲਗਰੀ ਦਾ ਬਿਹਤਰੀਨ ਕੈਬ ਡਰਾਈਵਰ ਸਨਮਾਨ ਵੀ ਮਿ਼ਲ ਚੁੱਕਿਆ ਹੈ। ਗੱਲਬਾਤ ਦੌਰਾਨ ਜਤਿੰਦਰ ਸਿੰਘ ਨੇ ਦੱਸਿਆ ਕਿ ਉਹਨਾਂ ਆਪਣੇ ਕੰਮ ਨੂੰ ਹਮੇਸ਼ਾ ਹੀ ਮਿਹਨਤ ਤੇ ਚਿਹਰੇ ਤੇ ਮੁਸਕਰਾਹਟ ਨਾ਼ਲ ਸਪੰਨ ਕੀਤਾ ਹੈ ਜਿਸ ਕਰਕੇ ਗ੍ਰਾਹਕ ਹਮੇਸ਼ਾ ਹੀ ਉਹਨਾਂ ਨਾ਼ਲ ਸਫਰ ਕਰਨਾ ਪਸੰਦ ਕਰਦੇ ਹਨ।

ਇਸ ਸਾਲ ਦਾ ਵੱਡਾ ਸਨਮਾਨ ਹਾਸਿਲ ਕਰਨ ਮੌਕੇ ਉਹਨਾਂ ਨਾ਼ਲ ਉਹਨਾਂ ਦੀ ਬੇਟੀ ਹਾਜ਼ਰ ਸੀ। ਜਤਿੰਦਰ ਨੇ ਦੱਸਿਆ ਕਿ ਉਹ ਮਿਹਨਤ ਕਰਕੇ ਆਪਣੇ ਬੱਚਿਆਂ ਲਈ ਮਿਸਾਲ ਬਣਨਾ ਚਾਹੁੰਦੇ ਹਨ ਤਾਂ ਕਿ ਉਹਨਾਂ ਦੀ ਅਗਲੀ ਪੀੜ੍ਹੀ ਕੈਨੇਡਾ ਵਰਗੇ ਵਧੀਆ ਮੁਲਕ ਵਿੱਚ ਬੁਲੰਦੀਆਂ ਨੂੰ ਛੋਹੇ। ਜਤਿੰਦਰ ਨੇ ਇਹ ਵੀ ਦੱਸਿਆ ਕਿ ਉਹਨਾਂ ਕੋ਼ਲ ਇਸ ਸਮੇਂ 1300 ਦੇ ਕਰੀਬ ਪੱਕੇ ਗ੍ਰਾਹਿਕ ਹਨ ਤੇ ਰੋਜ਼ਾਨਾ 30 ਗ੍ਰਾਹਕਾਂ ਨੂੰ ਸੇਵਾਵਾਂ ਦਿੰਦੇ ਹਨ। ਉਹਨਾਂ ਇੱਕ ਦਿਲਚਸਪ ਗੱਲ ਇਹ ਵੀ ਸਾਂਝੀ ਕੀਤੀ ਕਿ ਉਬਰ ਵਰਗੀਆਂ ਟੈਕਸੀ ਸੇਵਾਵਾਂ ਆਉਣ ਦੇ ਬਾਵਜੂਦ ਉਹਨਾਂ ਦੇ ਕੰਮ ਵਿੱਚ ਹੋਰ ਵਾਧਾ ਹੋਇਆ ਹੈ।

# ਕਿਊਬਿਕ ਦੇ ਬਿੱਲ 21 ਦੀ ਨਿਖੇਧੀ ਲਈ ਪੀਲ ਕਾਉਂਸਲ ਵਿੱਚ ਪੇਸ਼ ਮਤਾ ਸਰਬਸੰਮਤੀ ਨਾਲ ਪਾਸ

ਬਰੈਂਪਟਨ, 10 ਅਕਤੂਬਰ (ਪੋਸਟ ਬਿਊਰੋ) : ਪੀਲ ਰੀਜਨਲ ਕਾਉਂਸਲ ਨੇ ਆਪਣੀ ਮੀਟਿੰਗ ਵਿੱਚ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ ਕਿਊਬਿਕ ਦੇ ਬਿੱਲ 21 ਦੀ ਨਿਖੇਧੀ ਕਰਨ ਲਈ ਪੇਸ਼ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ। ਇਸ ਬਿੱਲ ਤਹਿਤ ਲੋਕਾਂ ਨੂੰ ਪਬਲਿਕ ਸਰਵਿਸ ਵਿੱਚ ਰਹਿੰਦਿਆਂ ਆਪਣੇ ਧਰਮ ਨਾਲ ਸਬੰਧਤ ਵਸਤਾਂ ਨੂੰ ਧਾਰਨ ਕਰਨ ਉੱਤੇ ਪਾਬੰਦੀ ਲਾਉਣ ਦਾ ਪ੍ਰਾਵਧਾਨ ਹੈ।

ਪੀਲ ਰੀਜਨ ਓਨਟਾਰੀਓ ਦੀ ਦੂਜੀ ਸੱਭ ਤੋਂ ਵੱਡੀ ਮਿਊਂਸਪੈਲਿਟੀ ਹੈ ਤੇ ਇਸ ਵਿੱਚ ਮਿਸੀਸਾਗਾ ਤੇ ਬਰੈਂਪਟਨ ਵਰਗੇ ਸ਼ਹਿਰ ਤੇ ਕੇਲਡਨ ਵਰਗਾ ਟਾਊਨ ਹੈ। ਇੱਥੇ 1.4 ਮਿਲੀਅਨ ਲੋਕ ਰਹਿੰਦੇ ਹਨ ਜਿਨ੍ਹਾਂ ਵਿੱਚੋਂ 73 ਫੀ ਸਦੀ ਆਬਾਦੀ ਘੱਟ ਗਿਣਤੀ ਹੈ। ਇਸ ਮਤੇ ਵਿੱਚ ਨਾ ਸਿਰਫ ਬਿੱਲ 21 ਦੀ ਨਿਖੇਧੀ ਦਾ ਹੀ ਜ਼ਿਕਰ ਕੀਤਾ ਗਿਆ ਹੈ ਸਗੋਂ ਫੈਡਰਲ ਪਾਰਟੀਆਂ ਨੂੰ ਇਹ ਵਾਅਦਾ ਕਰਨ ਲਈ ਵੀ ਆਖਿਆ ਗਿਆ ਹੈ ਕਿ ਸਰਕਾਰ ਬਣਾਉਣ ਉੱਤੇ ਉਹ ਇਸ ਬਿੱਲ ਨੂੰ ਚੁਣੌਤੀ ਦੇਣਗੀਆਂ। ਇਸ ਤੋਂ ਇਲਾਵਾ ਇਸ ਦੌਰਾਨ ਸਿਟੀ ਆਫ ਕੈਲਗਰੀ ਵੱਲੋਂ ਅਜਿਹੇ ਗਰੁੱਪ-ਕੈਨੇਡੀਅਨ ਕੋਲੀਸ਼ਨ ਆਫ ਮਿਊਂਸਪੈਲਿਟੀਜ਼ ਅਗੇਂਸਟ ਰੇਸਿਜ਼ਮ ਐਂਡ ਡਿਸਕ੍ਰਿਮੀਨੇਸ਼ਨ (ਸੀਸੀਐਮਏਆਰਡੀ) ਨਾਲ ਰਲ ਕੇ ਕੰਮ ਦੇ ਪਾਸ ਕੀਤੇ ਗਏ ਮਤੇ ਦਾ ਸਮਰਥਨ ਵੀ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕਿਊਬਿਕ ਦੇ ਬਿੱਲ 21 ਖਿਲਾਫ ਨੈਸ਼ਨਲ ਕੈਨੇਡੀਅਨ ਕਾਂਗਰਸ ਆਫ ਮੁਸਲਿਮਜ਼ (ਐਨਸੀਸੀਐਮ) ਵੱਲੋਂ ਕਾਨੂੰਨੀ ਕਾਰਵਾਈ ਆਰੰਭੀ ਹੋਈ ਹੈ ਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊਐਸਓ) ਵੀ ਇਸ ਕਾਨੂੰਨੀ ਚੁਣੌਤੀ ਵਿੱਚ ਭਾਈਵਾਲ ਹੈ। ਕਾਉਂਸਲਰ ਢਿੱਲੋਂ ਨੇ ਆਖਿਆ ਕਿ ਕਿਊਬਿਕ ਦਾ ਬਿੱਲ 21 ਪੱਖਪਾਤ ਲਈ ਕਾਨੂੰਨ ਬਣਾਉਣ ਦੀ ਪੈਰਵੀ ਕਰਦਾ ਹੈ। ਇਸ ਕਦਮ ਦੀ ਪੀਲ ਰੀਜਨ ਵੱਲੋਂ ਕੀਤੀ ਗਈ ਨਿਖੇਧੀ ਨਾਲ ਨਾ ਸਿਰਫ ਸਥਾਨਕ ਵਾਸੀਆਂ ਨੂੰ ਅਸਹਿਣਸ਼ੀਲਤਾ ਖਿਲਾਫ ਖੜ੍ਹੇ ਹੋਣ ਦਾ ਬਲ ਮਿਲੇਗਾ ਸਗੋਂ ਫੈਡਰਲ ਪਾਰਟੀ ਆਗੂਆਂ ਨੂੰ ਇਹ ਸੁਨੇਹਾ ਵੀ ਜਾਵੇਗਾ ਕਿ ਸਰਕਾਰ ਬਣਾਉਣ ਉੱਤੇ ਉਨ੍ਹਾਂ ਨੂੰ ਇਸ ਸਬੰਧ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ। ਕਾਉਂਸਲਰ ਢਿੱਲੋਂ ਨੇ ਆਖਿਆ ਕਿ ਅਸੀਂ ਵੀ ਕੈਨੇਡਾ ਭਰ ਵਿੱਚ ਤੇਜ਼ ਹੋ ਰਹੀਆਂ ਉਨ੍ਹਾਂ ਆਵਾਜ਼ਾਂ ਦਾ ਹਿੱਸਾ ਹਾਂ ਜਿਹੜੀਆਂ ਇਸ ਪੱਖਪਾਤੀ ਬਿੱਲ ਖਿਲਾਫ ਉਠਾਈਆਂ ਜਾ ਰਹੀਆਂ ਹਨ।



ਨੈਸ਼ਨਲ ਕਾਉਂਸਲ ਆਫ ਕੈਨੇਡੀਅਨ ਮੁਸਲਿਮਜ਼ ਦੇ ਐਗਜ਼ੈਕਟਿਵ ਡਾਇਰੈਕਟਰ ਮੁਸਤਫਾ ਫਾਰੂਕ ਨੇ ਆਖਿਆ ਕਿ ਬਿੱਲ 21 ਦੀ ਨਿਖੇਧੀ ਲਈ ਮਤਾ ਲਿਆਉਣ ਵਾਸਤੇ ਅਸੀਂ ਕਾਉਂਸਲਰ ਗੁਰਪ੍ਰੀਤ ਢਿੱਲੋਂ ਦੇ ਸ਼ੁਕਰਮੰਦ ਹਾਂ। ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡਾ ਭਰ ਵਿੱਚ ਕਾਉਂਸਲਰ ਢਿੱਲੋਂ ਵਰਗੇ ਚੁਣੇ ਹੋਏ ਯੋਗ ਅਧਿਕਾਰੀਆਂ ਦੀ ਸੁਲਝੀ ਹੋਈ ਅਗਵਾਈ ਉੱਤੇ ਵੀ ਸਾਨੂੰ ਮਾਣ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਦੀ ਸ਼ਰਨਜੀਤ ਕੌਰ ਨੇ ਆਖਿਆ ਕਿ ਸਾਨੂੰ ਕਦੇ ਵੀ ਧਰਮ ਤੇ ਨੌਕਰੀ ਵਿੱਚੋਂ ਇੱਕ ਚੁਣਨ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਪਰ ਕਿਊਬਿਕ ਵਿੱਚ ਅੱਜ ਸਿੱਖ, ਮੁਸਲਮਾਨ ਤੇ ਯਹੂਦੀ ਕਮਿਊਨਿਟੀਜ਼ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਕੈਨੇਡਾ ਭਰ ਵਿੱਚ ਸਿਆਸੀ ਆਗੂਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਬਿੱਲ 21 ਦੀ ਨਿਖੇਧੀ ਕਰਨ ਤੇ ਜਿਹੜੇ ਲੋਕ ਇਸ ਨਾਲ ਪ੍ਰਭਾਵਿਤ ਹੋਣਗੇ ਉਨ੍ਹਾਂ ਨੂੰ ਇਹ ਦੱਸਣ ਕਿ ਸਾਰੇ ਕੈਨੇਡੀਅਨ ਇਸ ਮਾਮਲੇ ਵਿੱਚ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਉਨ੍ਹਾਂ ਕਾਉਂਸਲਰ ਗੁਰਪ੍ਰੀਤ ਢਿੱਲੋਂ ਵੱਲੋਂ ਮੂਹਰੇ ਹੋ ਕੇ ਕੀਤੀ ਜਾ ਰਹੀ ਇਸ ਕੋਸ਼ਿਸ਼ ਲਈ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ।

# ਟਰੰਪ ਵੱਲੋਂ ਬਾਇਡਨ ਖਿਲਾਫ ਜਾਂਚ ਲਈ ਕੋਈ ਦਬਾਅ ਨਹੀਂ ਪਾਇਆ ਗਿਆ : ਜ਼ੈਲੈਂਸਕੀ



ਕੀਵ, ਯੁਕਰੇਨ, 9 ਅਕਤੂਬਰ (ਪੋਸਟ ਬਿਊਰੋ) : ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਵੀਰਵਾਰ ਨੂੰ ਆਖਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਫੋਨ ਉੱਤੇ ਉਨ੍ਹਾਂ ਦੀ ਹੋਈ ਗੱਲਬਾਤ ਵਿੱਚ ਕਿਸੇ ਵੀ ਤਰ੍ਹਾਂ ਦੇ ਬਲੈਕਮੇਲ ਸਬੰਧੀ ਕੋਈ ਗੱਲ ਹੀ ਨਹੀਂ ਸੀ ਹੋਈ, ਜਿਸ ਕਾਰਨ ਇੰਪੀਚਮੈਂਟ ਸਬੰਧੀ ਜਾਂਚ ਦਾ ਮੁੱਦਾ ਛਿੜਿਆ ਹੋਇਆ ਹੈ।

ਜ਼ੈਲੈਂਸਕੀ ਖੁਦ ਦੀ ਸਾਖ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਇਸ ਦੇ ਨਾਲ ਹੀ ਖੁਦ ਨੂੰ ਅਮਰੀਕਾ ਦੇ ਸਿਆਸੀ ਡਰਾਮੇ ਤੋਂ ਪਾਸੇ ਕਰਨਾ ਚਾਹੁੰਦੇ ਹਨ। ਇੱਕ ਫੂਡ ਕੋਰਟ ਵਿੱਚ ਸਾਰਾ ਦਿਨ ਚੱਲੀ ਮੀਡੀਆ ਮੈਰਾਥਨ ਵਿੱਚ ਜ਼ੈਲੈਂਸਕੀ ਨੇ ਇਨ੍ਹਾਂ ਕਿਆਫਿਆਂ ਤੋਂ ਇਨਕਾਰ ਕੀਤਾ ਕਿ ਯੂਕਰੇਨ ਨੂੰ ਫੌਜੀ ਸਹਾਇਤਾ ਦੇ ਬਦਲੇ ਟਰੰਪ ਵੱਲੋਂ ਉਨ੍ਹਾਂ ਉੱਤੇ ਉਨ੍ਹਾਂ ਦੇ ਸਿਆਸੀ ਵਿਰੋਧੀ ਜੋਅ ਬਾਇਡਨ ਤੇ ਉਸ ਦੇ ਬੇਟੇ ਖਿਲਾਫ ਜਾਂਚ ਲਈ ਦਬਾਅ ਪਾਇਆ ਗਿਆ ਸੀ।

ਮੀਡੀਆ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਜ਼ੈਲੈਂਸਕੀ ਨੇ ਆਖਿਆ ਕਿ ਉਨ੍ਹਾਂ ਨੂੰ 25 ਜੁਲਾਈ ਵਾਲੀ ਵਾਰਤਾ ਤੋਂ ਬਾਅਦ ਇਹ ਪਤਾ ਲੱਗਿਆ ਕਿ ਅਮਰੀਕਾ ਨੇ ਯੂਕਰੇਨ ਨੂੰ ਦਿੱਤੀ ਜਾਣ ਵਾਲੀ ਸੈਂਕੜੇ ਮਿਲੀਅਨ ਡਾਲਰ ਦੀ ਇਮਦਾਦ ਰੋਕ ਦਿੱਤੀ ਹੈ। ਉਨ੍ਹਾਂ ਆਖਿਆ ਕਿ 25 ਜੁਲਾਈ ਨੂੰ ਟਰੰਪ ਨਾਲ ਹੋਈ ਫੋਨ ਕਾਲ ਦੌਰਾਨ ਉਨ੍ਹਾਂ ਨੂੰ ਇਸ ਬਾਰੇ ਉੱਕਾ ਹੀ ਕੋਈ ਜਾਣਕਾਰੀ ਨਹੀਂ ਸੀ। ਕਿਸੇ ਨੇ ਕਿਸੇ ਨੂੰ ਬਲੈਕਮੇਲ ਨਹੀਂ ਕੀਤਾ।

# ਕਰਤਾਰਪੁਰ ਲਾਂਘੇ ਦੇ ਉਦਘਾਟਨ ਬਾਰੇ ਜੱਕੋ-ਤੱਕੇ ਵਰਗੀ ਸਥਿਤੀ ਫਿਰ ਬਣੀ

## * ਪਾਕਿਸਤਾਨ ਨੇ ਕਿਹਾ: ਉਦਘਾਟਨ ਦੀ ਤਰੀਕ ਹਾਲੇ ਪੱਕੀ ਤੈਅ ਨਹੀਂ

ਇਸਲਾਮਾਬਾਦ, 10 ਅਕਤੂਬਰ, (ਪੋਸਟ ਬਿਊਰੋ)- ਚਿਰਾਂ ਤੋਂ ਉਡੀਕੇ ਜਾ ਰਹੇ ਕਰਤਾਰਪੁਰ ਸਾਹਿਬ ਦੇ ਲਾਂਘੇ ਵਾਸਤੇ ਬਿਨਾਂ ਸ਼ੱਕ ਤਰੀਕ ਮਿਥੀ ਜਾ ਚੁੱਕੀ ਹੈ, ਪਰ ਇਸ ਬਾਰੇ ਇੱਕ ਵਾਰ ਫਿਰ ਜੱਕੋਤੱਕੇ ਦੀ ਸਥਿਤੀ ਬਣਦੀ ਜਾਪਣ ਲੱਗ ਪਈ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਹਿ ਦਿੱਤਾ ਹੈ ਕਿ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਹਾਲੇ ਕੋਈ ਤਰੀਕ ਤੈਅ ਹੀ ਨਹੀਂਹੋਈ। ਇਸ ਦੇ ਨਾਲ ਇਹ ਵੀ ਭਰੋਸਾ ਪਾਕਿਸਤਾਨ ਵਿਦੇਸ਼ ਮੰਤਰਾਲੇ ਨੇਦੇ ਦਿਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਲਾਂਘਾ ਖੁੱਲ੍ਹਾ ਰਹੇਗਾ।

ਅੱਜ ਇੱਕ ਏਥੇ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੇਵਿਦੇਸ਼ ਦਫ਼ਤਰ ਦੇ ਬੁਲਾਰੇ ਮੁਹੰਮਦ ਫ਼ੈਜ਼ਲ ਨੇ ਕਿਹਾ, 'ਕਰਤਾਰਪੁਰ ਲਾਂਘੇ ਦਾ ਕੰਮ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਲੋਂ ਦਿਤੇ ਵਾਅਦੇ ਮੁਤਾਬਕ ਸਮੇਂ ਸਿਰ ਪੂਰਾ ਹੋਵੇਗਾ ਅਤੇ ਇਸ ਦਾ ਉਦਘਾਟਨ ਸਮੇਂ ਸਿਰ ਹੋਵੇਗਾ, ਪਰ ਮੈਂ ਇਸ ਦੀ ਕੋਈ ਪੱਕੀ ਤਰੀਕ ਨਹੀਂ ਦੇ ਸਕਦਾ, ਕਿਉਂਕਿ ਉਦਘਾਟਨ ਦੀ ਤਰੀਕ ਹਾਲੇ ਤਕ ਤੈਅ ਨਹੀਂ ਕੀਤੀ ਗਈ।' ਇਸ ਦੇ ਨਾਲ ਉਨ੍ਹਾਂ ਭਰੋਸਾ ਦਿਤਾ ਕਿ 12 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਾਂਘਾ ਖੁੱਲ੍ਹਾ ਰਹੇਗਾ।



ਵਰਨਣ ਯੋਗ ਹੈ ਕਿ ਅਗਲੇ ਮਹੀਨੇ 12 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਭਾਰਤ ਵਿਚਲੇ ਪੰਜਾਬ ਸਮੇਤ ਸਾਰੀ ਦੁਨੀਆ ਵਿਚ ਵੱਡੇ ਪੱਧਰ ਉੱਤੇ ਮਨਾਇਆ ਜਾਣਾ ਹੈ। ਪਾਕਿਸਤਾਨ ਦਾ ਇਹ ਬਿਆਨ ਓਦੋਂ ਆਇਆ ਹੈ, ਜਦੋਂ ਕਰੀਬ ਇਕ ਮਹੀਨਾ ਪਹਿਲਾਂ ਲਾਂਘਾ ਪ੍ਰਾਜੈਕਟ ਦੇ ਸੀਨੀਅਰ ਅਧਿਕਾਰੀਆਂ ਨੇ ਆਪ ਐਲਾਨ ਕੀਤਾ ਸੀ ਕਿ ਪਾਕਿ-ਸਤਾਨ ਭਾਰਤੀ ਸਿੱਖ ਯਾਤਰੀਆਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ 9 ਨਵੰਬਰ ਤੋਂ ਖੋਲ੍ਹ ਦੇਵੇਗਾ।

# ਅਕਾਲ ਤਖਤ ਦੇ ਜਥੇਦਾਰ ਨੇ ਕਿਹਾ: ਆਰ ਐੱਸ ਐੱਸ ਸਾਰੇ ਦੇਸ਼ ਲਈ ਖ਼ਤਰਾ ਬਣ ਚੁੱਕੈ

## * ਸੰਘ ਦਾ ਏਜੰਡਾ ਹਿੰਦੂ ਰਾਸ਼ਟਰ ਕਾਇਮ ਕਰਨੈ : ਹਰਪ੍ਰੀਤ ਸਿੰਘ



ਅਨੰਦਪੁਰ ਸਾਹਿਬ, 10 ਅਕਤੂਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕਹਿੰਦੇ ਹਨ ਕਿ ਆਰ ਐੱਸ ਐੱਸ ਸਾਰੇ ਭਾਰਤ ਲਈ ਖ਼ਤਰਾ ਬਣ ਚੁੱਕਾ ਹੈ, ਇਸ ਦਾ ਏਜੰਡਾ ਘੱਟ ਗਿਣਤੀਆਂ ਨੂੰ ਦਬਾਉਣਾ ਅਤੇ ਹਿੰਦੂ ਰਾਸ਼ਟਰ ਕਾਇਮ ਕਰਨਾ ਹੈ। ਅੱਜ ਏਥੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਨੂੰ ਨੱਥ ਪਾਉਣਾ ਸਰਕਾਰ ਦਾ ਕੰਮ ਹੈ ਤੇ ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

ਅਨੰਦਪੁਰ ਸਾਹਿਬ ਆਏ ਹੋਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅੱਜ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਵਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਕਹਿਣ ਦੇ ਬਿਆਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਏਜੰਡਾ ਕੀ ਹੈ। ਜਥੇਦਾਰ ਨੇ ਕਿਹਾ ਕਿ ਭਾਰਤ ਵਿੱਚ ਵੱਖ-ਵੱਖ ਧਰਮਾਂ, ਵੱਖ-ਵੱਖ ਬੋਲੀਆਂ, ਵੱਖ-ਵੱਖ ਵਿਚਾਰਧਾਰਾ ਦੇ ਲੋਕ ਹਨ, ਇਨ੍ਹਾਂ ਸਭਨਾਂ ਉੱਤੇ ਹਿੰਦੂ ਰਾਸ਼ਟਰ ਥੋਪਣ ਦੀ ਗੱਲ ਘੱਟ-ਗਿਣਤੀਆਂ ਨੂੰ ਡਰਾਉਣ ਦੀ ਕੋਸ਼ਿਸ਼ ਹੈ, ਜਿਹੜੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾ ਕਿਹਾ ਕਿ ਏਦਾਂ ਦੇ ਬਿਆਨ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਹਨ, ਦੇਸ਼ ਵਿੱਚ ਆਪਸੀ ਸਾਂਝ ਕਾਇਮ ਰੱਖਣ ਲਈ ਏਦਾਂ ਦੇ ਅਨਸਰਾਂ ਨੂੰ ਸਖ਼ਤੀ ਨਾਲ ਦਬਾਉਣਾ ਚਾਹੀਦਾ ਹੈ।

ਇਸ ਮੌਕੇ ਸੰਤ ਰਣਜੀਤ ਸਿੰਘ ਢੱਡਰੀਆਂਵਲੋਂ ਸੂਰਜ ਪ੍ਰਕਾਸ਼ ਵਿਚ ਗੁਰਮਤਿ ਤੋਂ ਉਲਟ ਰਚਨਾਵਾਂ ਹੋਣ ਬਾਰੇ ਕੀਤੀ ਟਿੱਪਣੀ ਦੇ ਸੰਬੰਧ ਵਿੱਚ ਪੁੱਛਿਆ ਗਿਆ ਤਾਂ ਜਥੇਦਾਰ ਨੇ ਕਿਹਾ ਕਿ ਇਸ ਗ੍ਰੰਥ ਦੀ ਕਥਾ ਸਾਰੇ ਇਤਿਹਾਸਕ ਗੁਰੂ ਘਰਾਂ ਵਿੱਚ ਹੁੰਦੀ ਹੈ, ਇਸ ਲਈ ਇਸ ਨੂੰ ਉਛਾਲਣਾ ਠੀਕ ਨਹੀਂ। ਉਨ੍ਹਾਂ ਕਿਹਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਤਿਹਾਸ ਦੀ ਪੜਚੋਲ ਦਾ ਆਦੇਸ਼ ਦਿੱਤਾ ਗਿਆ ਸੀ ਤੇ ਫਿਰ ਕਿਹਾ ਜਾਵੇਗਾ ਕਿ ਇਤਹਾਸਕ ਤੱਥਾਂ ਬਾਰੇ ਬਣਾਈ ਕਮੇਟੀ ਇਸ ਦੀ ਛੇਤੀ ਪੜਚੋਲ ਕਰੇ ਤਾਂ ਜੋ ਇਹੋ ਜਿਹੇ ਵਿਵਾਦ ਪੈਦਾ ਨਾ ਹੋਣ।

# ਅਦਾਲਤ ਦੀ ਪੇਸ਼ੀ ਦੇ ਬਾਅਦ ਰਾਹੁਲ ਬੋਲਿਆ: ਵਿਰੋਧੀ ਮੈਨੂੰ ਚੁੱਪ ਕਰਾਉਣਾ ਚਾਹੁੰਦੇ ਨੇ

ਨਵੀਂ ਦਿੱਲੀ, 10 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਵਾਇਨਾਡ ਤੋਂ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ ਛੁੱਟੀਆਂ ਕੱਟਦੇ ਸਾਰ ਅੱਜ ਦੇਸ਼ ਵਾਪਸ ਆਉਣ ਪਿੱਛੋਂ ਗੁਜਰਾਤ ਦੇ ਸੂਰਤ ਸ਼ਹਿਰ ਪਹੁੰਚੇ ਅਤੇ ਏਥੇ ਇੱਕ ਸਥਾਨਕ ਕੋਰਟ ਵਿੱਚ ਪੇਸ਼ ਹੋਏ। ਉਨ੍ਹਾਂ ਦੇ ਖ਼ਿਲਾਫ਼ ਲੋਕ ਸਭਾ ਚੋਣਾਂ ਵਿੱਚ 'ਸਾਰੇ ਚੋਰਾਂ ਦੇ ਸਰਨੇਮ ਮੋਦੀ ਕਿਉਂ ਹੈ' ਵਾਲੀ ਟਿੱਪਣੀ ਕਾਰਨ ਮਾਣਹਾਨੀ ਦਾ ਕੇਸ ਚੱਲਦਾ ਹੈ। ਇਸ ਕੇਸ ਦੀ ਸੁਣਵਾਈ ਲਈ ਉਹ ਸੂਰਤ ਕੋਰਟ ਵਿੱਚ ਪੇਸ਼ ਹੋਏ, ਜਿੱਥੇ ਇਸ ਦੀ ਸੁਣਵਾਈ 10 ਦਸੰਬਰ ਤਕ ਮੁਲਤਵੀ ਕਰ ਦਿੱਤੀ ਗਈ ਹੈ।

ਅਦਾਲਤੀ ਪੇਸ਼ੀ ਤੋਂ ਬਾਅਦ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਕਿਹਾ, 'ਮੈਂ ਆਪਣੇ ਰਾਜਸੀਵਿਰੋਧੀਆਂ ਵੱਲੋਂ ਮੇਰੇ ਖ਼ਿਲਾਫ਼ ਕੀਤੇ ਮਾਣਹਾਨੀ ਕੇਸ ਵਿੱਚ ਪੇਸ਼ੀ ਲਈ ਸੂਰਤ ਆਇਆ ਹਾਂ, ਮੈਨੂੰ ਚੁੱਪ ਕਰਾਉਣ ਨੂੰ ਉਹ ਬੜੇ ਬੇਤਾਬ ਹਨ। ਮੈਂ ਉਨ੍ਹਾਂ ਕਾਂਗਰਸ ਵਰਕਰਾਂ ਦੇ ਪਿਆਰ ਅਤੇ ਸਮਰਥਨ ਲਈ ਧੰਨਵਾਦੀ ਹਾਂ, ਜੋ ਮੇਰੇ ਨਾਲ ਆਪਣੀ ਇੱਕਜੁਟਤਾ ਪੇਸ਼ ਕਰਨ ਲਈ ਏਥੇ ਆਏ ਹਨ।' ਇਸ ਮੌਕੇ ਕਾਂਗਰਸ ਆਗੂ ਅਹਿਮਦ ਪਟੇਲ ਨੇ ਕਿਹਾ, 'ਉਨ੍ਹਾਂ ਨੂੰ ਤਲਬ ਕੀਤਾ ਗਿਆ ਸੀ, ਇਸ ਲਈ ਉਹ ਆਏ ਹਨ, ਕਾਨੂੰਨ ਨੂੰ ਆਪਣਾ ਕੰਮ ਕਰਨ ਦਿਓ। ਅਸੀਂ ਦੇਖਾਂਗੇ ਕਿ ਅਦਾਲਤ ਕਦੋਂ ਫੈਸਲਾ ਲੈਂਦੀ ਹੈ। ਜੱਜ ਜੋ ਵੀ ਕਹਿਣਗੇ, ਉਹ ਕੀਤਾ ਜਾਵੇਗਾ।' ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਦੇ ਦੌਰੇ ਬਾਰੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਿਤ ਚਾਵੜਾ ਨੇ ਬੀਤੇ ਦਿਨੀਂ ਏਥੇ ਸਥਾਨਕ ਆਗੂਆਂ ਨਾਲ ਬੈਠਕ ਕਰ ਕੇ ਕਿਹਾ ਸੀ ਕਿ ਰਾਹੁਲ 10 ਅਕਤੂਬਰ ਨੂੰ ਏਥੇ ਕੋਰਟ ਵਿੱਚ ਪੇਸ਼ ਹੋਣਗੇ ਅਤੇ ਪਾਰਟੀ ਵਰਕਰ ਉਨ੍ਹਾਂ ਦਾ ਪੂਰੇ ਰਸਤੇ ਜ਼ੋਰਦਾਰ ਸਵਾਗਤ ਕਰਨਗੇ।

ਚੀਫ਼ ਜੁਡੀਸ਼ਲ ਮੈਜਿਸਟਰੇਟ ਬੀ ਐੱਚ ਕਪਾੜੀਆ ਨੇ ਮਈ ਵਿੱਚਰਾਹੁਲ ਗਾਂਧੀ ਦੇ ਖ਼ਿਲਾਫ਼ ਸੰਮਨ ਜਾਰੀ ਕੀਤਾ ਸੀ।ਭਾਜਪਾ ਵਿਧਾਇਕ ਪੂਰਨੇਸ਼ ਮੋਦੀ ਨੇ ਰਾਹੁਲ ਦੇ ਖ਼ਿਲਾਫ਼ ਕੇਸ ਦਰਜ ਕਰਾਇਆ ਸੀ। ਉਨ੍ਹਾਂ ਨੇ ਰਾਹੁਲ ਦੀ ਟਿੱਪਣੀ ਨੂੰ ਮੋਦੀ ਸਮਾਜ ਨੂੰ ਅਪਮਾਨਤ ਕਰਨ ਵਾਲੀ ਕਿਹਾ ਸੀ। ਜੁਲਾਈ ਵਿੱਚ ਪਿਛਲੀ ਸੁਣਵਾਈ ਮੌਕੇ ਕੋਰਟ ਨੇ ਰਾਹੁਲ ਨੂੰ ਨਿੱਜੀ ਤੌਰ ਉੱਤੇ ਪੇਸ਼ੀ ਤੋਂ ਛੋਟ ਦਿੰਦਿਆਂ ਸੁਣਵਾਈ ਦੀ ਅਗਲੀ ਤਰੀਕ 10 ਅਕਤੂਬਰ ਤੈਅ ਕੀਤੀ ਗਈ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

MEMBER iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today



**MISSISSAUGA $975**

**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.



**WOODSTOCK $2,000**

Photo Not Available

**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**



**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**



**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**



**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**

Photo Not Available

**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**

Photo Not Available

**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**



**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**



**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**

Photo Not Available

**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**

Photo Not Available

**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**



**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**



**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**



**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**



**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**



**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਖੂਬ ਹਸਾਵੇਗੀ 'ਅੰਗਰੇਜ਼ ਪੁੱਤ' : ਬੀ ਐਨ ਸ਼ਰਮਾ



ਫਿਲਮ ਅੰਗਰੇਜ਼ ਪੁੱਤ ਦੀ ਸ਼ੂਟਿੰਗ ਦੌਰਾਨ ਬੀ ਐਨ ਸ਼ਰਮਾਂ ਨਾਲ ਖੜ੍ਹੇ ਹਨ ਜੱਸੀ ਢੰਡੀਆਂ, ਅਰਸ਼ ਚਾਵਲਾ, ਓਸ਼ੀਨ ਬਰਾੜ ਅਤੇ ਬਾਕੀ ਅਦਾਕਾਰ।

ਟੋਰਾਂਟੋ, 10 ਅਕਤੂਬਰ (ਹਰਜੀਤ ਸਿੰਘ ਬਾਜਵਾ): ਪੰਜਾਬੀ ਫਿਲਮਾਂ ਦਾ ਮਿਆਰ ਹੁਣ ਅੰਗਰੇਜ਼ੀ ਅਤੇ ਹਿੰਦੀ ਫਿਲਮਾਂ ਦੇ ਬਰਾਬਰ ਦਾ ਹੋ ਰਿਹਾ ਹੈ ਤੇ ਏਹੀ ਕਾਰਨ ਹੈ ਕਿ ਅੰਗਰੇਜ਼ੀ ਫਿਲਮਾਂ ਦੇ ਨਿਰਮਾਤਾ ਨਿਰਦੇਸ਼ਕ ਪੰਜਾਬੀ ਪਛੋਕੜ ਤੇ ਅਧਾਰਤ ਫਿਲਮਾਂ ਬਣਾ ਰਹੇ ਹਨ ਦੂਜਾ ਇਹ ਕਿ ਹੁਣ ਹੁਣ ਅੰਗਰੇਜ਼ੀ ਫਿਲਮਾਂ ਵਿੱਚ ਜਿੱਥੇ ਪੰਜਾਬੀ ਚਿਹਰੇ ਆਮ ਨਜ਼ਰ ਆ ਰਹੇ ਹਨ ਉੱਥੇ ਹੀ ਪੰਜਾਬੀ ਬੋਲੀ ਵੀ ਅੰਗ੍ਰੇਜੀ ਫਿਲਮਾਂ ਵੇਖਣ ਵਾਲਿਆਂ ਦੇ ਕੰਨੀ ਪੈਣ ਲੱਗ ਪਈ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਬਰੈਂਪਟਨ ਵਿਖੇ ਉੱਘੇ ਪੰਜਾਬੀ ਫਿਲਮ ਅਦਾਕਾਰ ਬੀ ਐਨ ਸ਼ਰਮਾਂ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ ਜਿਹੜੇ ਕਿ ਆਪਣੀ ਪੰਜਾਬੀ ਫਿਲਮ 'ਅੰਗਰੇਜ਼ ਪੁੱਤ' ਦੀ ਸ਼ੂਟਿੰਗ ਦੌਰਾਨ ਫਿਲਮ ਦੇ ਬਾਕੀ ਅਦਾਕਾਰਾਂ ਨਾਲ ਇੱਥੇ ਮੌਜੂਦ ਸਨ ਜਿਹਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਇਹ ਪਹਿਲੀ ਪੰਜਾਬੀ ਫਿਲਮ ਹੈ ਜਿਹੜੀ ਟੋਰਾਂਟੋਂ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਫਿਲਮਾਈ ਜਾ ਰਹੀ ਹੈ ਅਤੇ ਇਸ ਹਾਸਰਸ(ਕਮੇਡੀ) ਫਿਲਮ ਵਿੱਚ ਇੱਕ ਪੰਜਾਬੀ ਪ੍ਰੀਵਾਰ ਦੇ ਗੁਆਂਢ ਵਿੱਚ ਇੱਕ ਗੋਰਾ(ਅੰਗਰੇਜ਼) ਪ੍ਰੀਵਾਰ ਰਹਿੰਦਾ ਹੈ ਜਿਹਨਾਂ ਘਰ ਇੱਕ ਪੁੱਤਰ ਪੈਦਾ ਹੁੰਦਾ ਹੈ ਜਿਹੜਾ ਬਚਪਨ ਤੋਂ ਹੀ ਪੰਜਾਬੀ ਸੁਭਾਅ ਅਤੇ ਰੁਚੀਆਂ ਦਾ ਮਾਲਕ ਹੈ ਉਹ ਪੰਜਾਬੀ ਬੋਲਦਾ ਹੈ, ਸਿਰ ਤੇ' ਦਸਤਾਰ ਸਜਾਂਦਾ ਹੈ, ਹੱਥ ਵਿੱਚ ਕੜਾ ਵੀ ਪਾਉਂਦਾ ਹੈ ਅਤੇ ਪੰਜਾਬੀ ਖਾਣਿਆਂ ਦਾ ਸ਼ੌਕੀਨ ਹੈ ਜਿਸਦੀਆਂ ਇਹਨਾਂ ਆਦਤਾਂ ਕਾਰਨ ਸਾਰੇ ਹੈਰਾਨ ਹੁੰਦੇ ਹਨ।ਇਸ ਫਿਲਮ ਦੇ ਨਿਰਮਾਤਾ ਮੇਅੰਕ ਸ਼ਰਮਾਂ, ਰੰਗਲਾ ਪੰਜਾਬ ਰੇਡੀਓ ਅਤੇ ਰੰਗਲਾ ਪੰਜਾਬ ਮੋਸ਼ਨ ਪਿਕਚਰਜ ਦੇ ਸੰਚਾਲਕ ਸ੍ਰ. ਦਿਲਬਾਗ ਸਿੰਘ ਚਾਵਲਾ/ ਅਰਸ਼ ਚਾਵਲਾ ਅਤੇ ਮੋਗਾ ਫਿਲਮ ਸਟੂਡੀਓਜ਼ ਦੇ ਜੱਸੀ ਢੰਡੀਆਂ ਹਨ ਅਤੇ ਨਿਰਦੇਸ਼ਕ ਹਨ ਸ਼ਿਵਮ ਸ਼ਰਮਾਂ ਜਦੋਂ ਕਿ ਪ੍ਰਮੁੱਖ ਅਦਾਕਾਰ ਹਨ ਅਰਸ਼ ਚਾਵਲਾ,ਓਸ਼ੀਨ ਬਰਾੜ ਜੋਗਰਾਜ ਸਿੰਘ,ਹਰਬੀ ਸੰਘਾ,ਸੁਮੀਤ ਗੁਲਾਟੀ ਅਤੇ ਟੋਰਾਂਟੋ ਦੇ ਕਈ ਅਦਾਕਾਰ ਵੀ ਇਸ ਫਿਲਮ ਵਿੱਚ ਅਦਾਕਾਰੀ ਕਰਨਗੇ। ਇਸ ਫਿਲਮ ਦੀ ਸ਼ੂਟਿੰਗ ਪੰਜਾਬ ਦੇ ਤਰਨਤਾਰਨ ਖੇਤਰ ਅਤੇ ਟੋਰਾਂਟੋਂ ਵਿੱਚ ਹੋਵੇਗੀ ਜਦੋਂ ਕਿ ਫਿਲਮ ਦਾ ਸੰਗੀਤ ਨਛੱਤਰ ਗਿੱਲ, ਨੂਰਾਂ ਸਿਸਟਰਜ਼ ਅਤੇ ਰਣਜੀਤ ਬਾਵਾ ਨੇ ਤਿਆਰ ਕੀਤਾ ਹੈ ਇਸ ਫਿਲਮ ਦੇ ਅਗਲੇ ਕੁਝ ਮਹੀਨਿਆਂ ਵਿੱਚ ਮਾਰਕੀਟ ਵਿੱਚ ਆਉਂਣ ਦੀ ਸੰਭਾਵਨਾਂ ਹੈ।

# ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਲਈ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

ਚੰਡੀਗੜ੍ਹ, 10 ਅਕਤੂਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਹੋਈ ਤਾਂ ਪਤਾ ਲੱਗਾ ਕਿ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਵਿੱਚਉੱਪ ਚੋਣਾਂ ਦੇ ਲਈ ਸਟਾਰ ਕੰਪੇਨਰ ਸੂਚੀ ਵਿੱਚਰੱਖਿਆ ਗਿਆ ਹੈ, ਪਰ ਉਹ ਇਸ ਸੂਚੀ ਵਿੱਚ 29ਵੇਂ ਥਾਂ ਹਨ। ਭਾਜਪਾ ਨੇ ਕੌਮੀ ਨੇਤਾਵਾਂਦਾ ਭਰੋਸਾ ਵੱਧ ਰੱਖਿਆ ਹੈ, ਪਰ ਕਾਂਗਰਸ ਨੇ ਲੋਕਲ ਨੇਤਾਵਾਂ ਨੂੰ ਪ੍ਰਚਾਰ ਦੀ ਕਮਾਨ ਸੌਂਪੀ ਹੈ। ਅਕਾਲੀ ਦਲ ਦੀ ਸੂਚੀ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਾਲੇ ਵੀ ਪਹਿਲੇ ਥਾਂ ਉੱਤੇ ਹਨ। ਕਾਂਗਰਸ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੀਇਸ ਸੂਚੀ ਵਿੱਚ ਖੁਰਾਕ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ ਨਾਂਅ ਨਹੀਂ ਹੈ, ਜਦ ਕਿ ਉਹ ਦਾਖਾਹਲਕੇ ਤੋਂ ਕੈਪਟਨ ਸੰਦੀਪ ਸੰਧੂ ਦੀ ਕੰਪੇਨ ਚਲਾ ਰਹੇ ਹਨ। ਭਾਰਤ ਭੂਸ਼ਣ ਆਸ਼ੂ ਲੁਧਿਆਣਾ ਸ਼ਹਿਰ ਦੇ

*** ਨਵਜੋਤ ਸਿੱਧੂ ਕੁਝ ਰਾਜਾਂ ਵਿੱਚ ਪ੍ਰਚਾਰ ਨਹੀਂ ਕਰਨਗੇ**

ਇੱਕ ਹਲਕੇ ਤੋਂਵਿਧਾਇਕ ਹਨ ਅਤੇ ਦਾਖਾ ਲੁਧਿਆਣਾ ਜ਼ਿਲ੍ਹੇ ਵਿੱਚ ਹੈ। ਕਾਂ-ਗਰਸ ਨੇ 14 ਮੰਤਰੀਆਂ ਨੂੰ ਸਟਾਰ ਪ੍ਰਚਾਰਕ ਸੂਚੀ ਵਿੱਚਰੱਖਿਆ ਹੈ। ਦਿਲ ਦੇ ਆਪ੍ਰੇਸ਼ਨ ਕਾਰਨ ਬ੍ਰਹਮ ਮੋਹਿੰਦਰਾ ਚੋਣ ਪ੍ਰਚਾਰਨਹੀਂਕਰਨਗੇ। ਪਾਰਟੀ ਨੇ ਅੱਠ ਪਾਰਲੀਮੈਂਟ ਮੈਂਬਰਾਂ ਨੂੰ ਸੂਚੀ ਵਿੱ-ਚਪਾਇਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੱਟੜ ਵਿਰੋਧੀ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਵੀ ਸ਼ਾਮਲ ਹਨ। ਦੂਲੋ ਦਾ ਬੇਟਾ ਆਮ ਆਦਮੀ ਪਾਰਟੀ ਦੀ ਟਿਕਟ ਉੱਤੇਲੋਕ ਸਭਾ ਚੋਣ ਲੜਿਆ ਸੀ ਤੇ ਮੁੱਖ ਮੰਤਰੀ ਦੇ ਛੇ ਸਿਆਸੀ ਸਲਾਹਕਾਰ ਵੀ ਇਸ ਵਿੱਚ ਹਨ।ਸੂਚੀ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਪ੍ਰਦੇਸ਼ ਦੀ



ਇੰਚਾਰਜ ਆਸ਼ਾ ਕੁਮਾਰੀ ਨੂੰ ਸਭ ਤੋਂ ਪਹਿਲਾਂ ਥਾਂ ਦਿੱਤੀ ਗਈ ਹੈ। ਉਸ ਪਿੱਛੋਂ ਅੰਬਿਕਾ ਸੋਨੀ ਤੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਸਟਾਰ ਕੰਪੇਨਰ ਦੱਸਿਆਹੈ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਨਾਂਅ ਵੀ ਸਟਾਰ ਪ੍ਰਚਾਰਕ ਸੂਚੀ ਵਿੱਚ ਹੈ, ਪਰ ਉਹ ਕੁਝ ਰਾਜਾਂ ਵਿੱਚ ਨਹੀਂ ਜਾਣਗੇ। ਫਿਰ ਵੀ ਉਨ੍ਹਾਂ ਦਾ ਨਾਂਅ ਪੰਜਾਬ ਸੂਚੀ ਵਿੱਚ ਲਿਖਿਆ ਜਾਣਾ ਉਨ੍ਹਾਂ ਦੀ ਹੈਸੀਅਤ ਪ੍ਰਵਾਨ ਕਰਨਾ ਸਮਝਿਆ ਗਿਆ ਹੈ।

ਖਾਸ ਗੱਲ ਇਹ ਕਿ ਪੰਜਾਬ ਕਾਂਗਰਸ ਦੀ ਸੂਚੀ ਵਿੱਚ ਜਿੱਥੇ ਸੂਬੇ ਤੋਂ ਬਾਹਰ ਦਾ ਕੋਈ ਨੇਤਾ ਨਹੀਂ, ਓਥੇ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇਪੀ ਨੱਡਾ ਪੰਜਾਬ ਭਾਜਪਾ ਦੀ ਸੂਚੀ ਵਿੱਚ ਪਹਿਲੇ ਥਾਂ ਹਨ। ਭਾਜਪਾ ਸੂਚੀ ਵਿੱਚ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ, ਕੇਂਦਰੀ ਰਾਜ ਮੰਤਰੀ ਅਨੁਰਾਗ ਠਾਕੁਰ ਅਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਰੱਖੇ ਹਨ। ਚੰਡੀਗੜ੍ਹ ਤੋਂਪਾਰਲੀਮੈਂਟ ਮੈਂਬਰ ਕਿਰਨ ਖੇਰ ਅਤੇ ਭਾਜਪਾ ਦੇ ਗੁਰਦਾਸਪੁਰ ਤੋਂਪਾਰਲੀਮੈਂਟ ਮੈਂਬਰ ਸਨੀ ਦਿਓਲ ਨੂੰ ਵੀ ਸਟਾਰ ਪ੍ਰਚਾਰਕ ਬਣਾਇਆ ਹੈ। ਅਕਾਲੀ ਦਲ ਦੀ ਕਮਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਥਹੋਵੇਗੀ, ਉਸ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ, ਪਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਜਥੇਦਾਰ ਤੋਤਾ ਸਿੰਘ ਤੇ ਬਲਵਿੰਦਰ ਸਿੰਘ ਭੂੰਦੜ ਦੇ ਬਾਅਦ ਲਿਖਿਆ ਹੈ।

# ਐੱਫ ਏ ਟੀ ਐੱਫ ਵੱਲੋਂ ਕਾਰਵਾਈ ਹੋਣ ਤੋਂ ਤ੍ਰਹਿਕੇ ਪਾਕਿ ਨੇ ਚਾਰ ਵੱਡੇ ਅੱਤਵਾਦੀ ਫੜੇ

ਲਾਹੌਰ, 10 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਅੱਜ ਪਾਬੰਦੀਸ਼ੁਦਾ ਜਥੇਬੰਦੀ ਲਸ਼ਕਰੇ ਤੋਇਬਾ ਦੇ ਚਾਰ ਵੱਡੇ ਅੱਤਵਾਦੀਆਂ ਨੂੰ ਅੱਤਵਾਦੀਆਂ ਦੀ ਫੰਡਿੰਗ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ। ਇਸ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਜਥੇਬੰਦੀ ਦੀ ਪੂਰੀ ਕੋਰ ਲੀਡਰਸ਼ਿਪ ਕਾਨੂੰਨੀ ਸੁਣਵਾਈ ਦਾ ਸਾਹਮਣਾ ਕਰੇਗੀ। ਲਸ਼ਕਰੇ-ਤੋਇਬਾ ਅਤੇ ਜਮਾਤ-ਉਦ-ਦਾਵਾ ਦੇ ਅੱਜ ਫੜੇ ਗਏ ਅੱਤਵਾਦੀਆਂ ਵਿੱਚ ਪ੍ਰੋਫੈਸਰ ਜ਼ਫ਼ਰ ਇਕਬਾਲ, ਯਾਹੀਆ ਅਜੀਜ਼, ਮੁਹੰਮਦ ਅਸ਼ਰਫ਼ਅਤੇ ਅਬਦੁੱਲ ਸਲਾਮ ਦੱਸੇ ਗਏ ਹਨ।

ਵਰਨਣ ਯੋਗ ਹੈ ਕਿ ਪਾਕਿਸਤਾਨ ਸਰਕਾਰ ਨੇ ਇਹ ਕਦਮ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਮਹੱਤਵ ਪੂਰਨਮੁਕੰਮਲ ਬੈਠਕ ਤੋਂ ਪਹਿਲਾਂ ਉਠਾਇਆ ਹੈ। ਇਹ ਬੈਠਕ ਪੈਰਿਸ ਵਿੱਚ 12 ਤੋਂ 15 ਅਕਤੂਬਰ ਤੱਕ ਹੋਣੀ



ਹੈ।ਪੈਰਿਸ ਵਿੱਚੋਂ ਚੱਲਦੀ ਇਸ ਸੰਸਥਾ ਨੇ ਪਿਛਲੇ ਸਾਲ ਜੂਨ ਵਿੱਚ ਪਾਕਿਸਤਾਨ ਨੂੰ ਗ੍ਰੇਅ ਸੂਚੀ ਵਿੱਚ ਪਾਇਆ ਅਤੇ ਉਸਨੂੰ ਇਕ ਕਾਰਵਾਈ ਯੋਜਨਾ ਸੌਂਪੀ ਸੀ, ਜਿਸਨੂੰ ਅਕਤੂਬਰ 2019 ਤੱਕ ਲਾਗੂ ਕਰਨਾ ਸੀ। ਇਸ ਤਰ੍ਹਾਂ ਨਾ ਹੋਣ ਉੱਤੇ ਪਾਕਿਸਤਾਨ ਨੂੰ ਕਾਲੀ ਸੂਚੀ ਵਿਚ ਰੱਖਿਆ ਜਾ ਸਕਦਾ ਹੈ। ਇਸ ਸੂਚੀ ਵਿੱਚ ਅਜੇ ਈਰਾਨ ਤੇ ਉੱਤਰੀ ਕੋਰੀਆ ਦੋ ਦੇਸ਼ ਹਨ।ਅੱਤਵਾਦ ਰੋਕੂ ਵਿਭਾਗ (ਸੀਟੀਡੀ) ਦੇ ਬੁਲਾਰੇ ਨੇ ਕਿਹਾ ਕਿ ਕੌਮੀ ਕਾਰਵਾਈ ਯੋਜਨਾ (ਐੱਨ ਏਪੀ) ਵਿੱਚਖਾਸ ਪਹਿਲਹੇਠ ਪਾਬੰਦੀਸ਼ੁਦਾ ਸੰਗਠਨਾਂ ਜਮਾਤ ਅਤੇ ਲਸ਼ਕਰ ਦੇ ਕੁਝ ਪ੍ਰਮੁੱਖ ਨੇਤਾਵਾਂ ਨੂੰ ਅੱਤਵਾਦੀਆਂ ਦੀ ਫੰਡਿੰਗ ਦੇ ਦੋਸ਼ ਵਿੱਚ ਗ੍ਰਿਫ਼ਤਾਰੀ ਹੋਈ ਹੈ।ਜਮਾਤ ਉਦ ਦਾਵਾ ਤੇ ਲਸ਼ਕਰ ਦਾ ਮੁਖੀ ਹਾਫਿਜ਼ ਸਈਦ ਪਹਿਲਾਂ ਹੀ ਜੇਲ੍ਹ ਵਿੱਚ ਬੰਦ ਹੈ ਤੇ ਉਹ ਅੱਤਵਾਦ ਫੰਡਿੰਗ ਦੇ ਜੁਰਮਹੇਠ ਸੁਣਵਾਈ ਦਾ ਸਾਹਮਣਾ ਕਰ ਰਿਹਾ ਹੈ। ਅੱਜ ਦੀਆਂ ਗ੍ਰਿਫਤਾਰੀਆਂ ਨਾਲਜਮਾਤ ਉਦ ਦਾਵਾ ਅਤੇ ਲਸ਼ਕਰੇ ਤੋਇਬਾ ਦੀ ਪੂਰੀ ਮੁੱਖ ਲੀਡਰਸ਼ਿਪ ਸੁਣਵਾਈ ਦਾ ਸਾਹਮਣਾ ਕਰੇਗੀ। ਹਾਫਿਜ਼ ਸਈਦ ਨੂੰ ਸੀਟੀਡੀ ਨੇ 17 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿੱਚਹੈ। ਅਮਰੀਕਾ ਦੇ ਟ੍ਰੇਜ਼ਰੀ ਵਿਭਾਗ ਨੇ ਉਸਨੂੰ ਵਿਸ਼ਵ ਅੱਤਵਾਦੀ ਐਲਾਨ ਕੀਤਾ ਹੋਇਆ ਹੈ। ਸਾਲ 2012 ਵਿੱਚ ਅਮਰੀਕਾ ਨੇ ਹਾਫਿਜ਼ ਸਈਦ ਨੂੰ ਅਦਾਲਤੀ ਕਟਹਿਰੇ ਵਿੱਚਭੇਜਣ ਜੋਗੀ ਸੂਹ ਦੇਣ ਵਾਲੇ ਨੂੰ ਇੱਕ ਕਰੋੜ ਡਾਲਰ ਦੇ ਇਨਾਮ ਦਾ ਐਲਾਨ ਕੀਤਾ ਸੀ।

ਵਰਨਣ ਯੋਗ ਹੈ ਕਿ ਸੀਟੀਡੀ ਪੰਜਾਬ ਵਿੱਚ ਅੱਤਵਾਦੀ ਫੰਡਿੰਗ ਦੇ ਕੇਸਾਂ ਦੀ ਜਾਂਚ ਕਰ ਰਿਹਾ ਹੈ। ਦੋਸ਼ੀਆਂ ਨੇ ਅੱਤਵਾਦੀ ਫੰਡਿੰਗ ਤੋਂ ਇਕੱਠੇ ਕੀਤੇ ਪੈਸੇ ਦੀ ਵਰਤੋਂ ਕਰ ਕੇ ਜਾਇਦਾਦ ਵੀ ਬਣਾਈ ਹੈ। ਸੀਟੀਡੀ ਨੇ ਕਿਹਾ ਕਿ ਸ਼ੱਕੀ ਲੋਕਾਂ ਨੇ ਅੱਗੇ ਇਨ੍ਹਾਂ ਜਾਇਦਾਦਾਂ ਦੀ ਵਰਤੋਂ ਅੱਤਵਾਦ ਤੇ ਪੈਸਾ ਇਕੱਠਾ ਕਰਨ ਵਿੱਚ ਕੀਤੀ ਸੀ।ਸ਼ੱਕੀ ਲੋਕਾਂ ਤੇ ਉਨ੍ਹਾਂ ਦੇ ਸੰਗਠਨਾਂ ਜਮਾਤ ਉਦ ਦਾਵਾ ਅਤੇ ਲਸ਼ਕਰੇ ਤੋਇਬਾ ਨੂੰ ਜਾਇਦਾਦਾਂ ਦਾਨ ਕਰਨ ਵਾਲੇ ਕਈ ਲੋਕ ਵੀ ਜਾਂਚ ਵਿੱਚ ਹਨ।

# ਸਾਹਿਤ ਦਾ ਨੋਬਲ ਪੋਲੈਂਡ ਦੀ ਓਲਗਾ ਤੇ ਆਸਟ੍ਰੀਆ ਦੇ ਹੈਂਡਕੇ ਨੂੰ ਮਿਲਿਆ

ਸਟਾਕਹੋਮ, 10 ਅਕਤੂਬਰ, (ਪੋਸਟ ਬਿਊਰੋ)- ਸਾਹਿਤ ਦੇ ਖੇਤਰ ਵਿੱਚ ਨੋਬਲ ਐਵਾਰਡ ਲਈ ਦੋ ਸਾਲ ਲੰਮੀ ਉਡੀਕ ਅੱਜ ਵੀਰਵਾਰ ਖ਼ਤਮ ਹੋ ਗਈ। ਨੋਬਲ ਐਵਾਰਡ ਦਾ ਪ੍ਰਬੰਧ ਕਰਨ ਵਾਲੀ ਸਵੀਡਿਸ਼ ਅਕਾਦਮੀ ਨੇ 2018 ਅਤੇ 2019 ਲਈ ਸਾਹਿਤ ਦਾ ਨੋਬਲ ਜਿੱਤਣ ਵਾਲਿਆਂ ਦੇ ਨਾਂ ਦਾ ਐਲਾਨ ਕਰ ਦਿੱਤਾ ਹੈ। 2018 ਦੀ ਜੇਤੂ ਪੋਲੈਂਡ ਦੀ ਲੇਖਿਕਾ ਓਲਗਾ ਤੋਕਾਰਜੁਕ ਅਤੇ 2019 ਦੇ ਜੇਤੂ ਆਸਟ੍ਰੀਆ ਦੇ ਨਾਵਲਕਾਰ ਤੇ ਲੇਖਕ ਪੀਟਰ ਹੈਂਡਕੇ ਬਣੇ ਹਨ।

ਵਰਨਣ ਯੋਗ ਹੈ ਕਿ ਬੀਤੇ ਸਾਲ ਇਕ ਸੈਕਸ ਸਕੈਂਡਲ ਸਾਹਮਣੇ ਆਉਣ ਦੇ ਵਿਵਾਦ ਪਿੱਛੋਂ ਇਸ ਐਵਾਰਡ ਵਾਲੀ ਸਵੀਡਿਸ਼ ਅਕਾਦਮੀ ਨੇ ਸਾਹਿਤ ਦੇ ਐਵਾਰਡ ਦਾ ਐਲਾਨ ਨਹੀਂਸੀ ਕੀਤਾ। ਇਸ ਲਈ ਇਸ ਸਾਲ ਸਾਹਿਤ ਦੇ ਨੋਬਲ ਬਾਰੇ ਕਾਫ਼ੀ ਉਤਸੁਕਤਾ ਸੀ। 2018 ਲਈ ਜੇਤੂ ਚੁਣੀ ਗਈ ਓਲਗਾ ਨੂੰ ਪੋਲੈਂਡ ਵਿੱਚ ਆਪਣੀ ਪੀੜ੍ਹੀ ਦੀ ਪ੍ਰਤਿਭਾਸ਼ਾਲੀ ਨਾਵਲਕਾਰ ਮੰਨਿਆ ਜਾਂਦਾ ਹੈ।ਅਕਾਦਮੀ ਦੇ ਮੁਤਾਬਕ ਓਲਗਾ ਨੂੰ ਉਸ ਵਿਚਾਰ ਦੀ ਕਲਪਨਾ ਲਈ ਸਨਮਾਨ ਮਿਲਿਆ ਹੈ, ਜਿਹੜੀ ਸਰਹੱਦਾਂ ਲੰਘਣ ਵਾਸਤੇ ਵਿਸ਼ਵ ਪੱਧਰੀ




ਇੱਛਾ ਜ਼ਾਹਰ ਕਰਦੀ ਹੈ। ਹੈਂਡਕੇ ਦੀਆਂ ਕਿਤਾਬਾਂ ਸਰਲ ਭਾਸ਼ਾ ਵਿੱਚ ਮਨੁੱਖੀ ਤਜਰਬਿਆਂ ਦਾ ਨਵਾਂ ਪੱਖ ਪੇਸ਼ ਕਰਦੀਆਂ ਹਨ। ਅਕਾਦਮੀ ਨੇ ਕਿਹਾ ਹੈ ਕਿ ਹੈਂਡਕੇ ਨੇ ਖ਼ੁਦ ਨੂੰ ਯੂਰਪ ਦੇ ਸਭ ਤੋਂ ਪ੍ਰਤਿਭਾਸ਼ਾਲੀ ਲੇਖਕਾਂ ਵਿੱਚ ਸ਼ਾਮਿਲ ਕੀਤਾ ਹੈ।ਉਨ੍ਹਾਂ ਦੇ ਕੰਮ ਵਿੱਚ ਕੁਝ ਨਵਾਂ ਲੱਭਣ ਤੇ ਉਸ ਨੂੰ ਸਾਹਿਤ ਰਾਹੀਂ ਜ਼ਿੰਦਗੀ ਵਿੱਚ ਲਿਆਉਣ ਦੀ ਇੱਛਾਹੁੰਦੀ ਹੈ। ਓਲਗਾ ਤੇ ਹੈਂਡਕੇ ਦੋਵਾਂ ਨੂੰ 90-90 ਲੱਖ ਸਵੀਡਿਸ਼ ਕ੍ਰੋਨਰ (ਕਰੀਬ 6.46 ਕਰੋੜ ਰੁਪਏ) ਦੀ ਰਕਮ ਐਵਾਰਡ ਵਜੋਂ ਮਿਲੇਗੀ।

# ਨਾਜਾਇਜ਼ ਚੱਲਦੇ ਮੈਰਿਜ ਪੈਲੇਸਾਂ ਨੂੰ ਨੋਟਿਸ ਜਾਰੀ ਹੋਣ ਲੱਗੇ

ਜਲੰਧਰ, 10 ਅਕਤੂਬਰ (ਪੋਸਟ ਬਿਊਰੋ)- ਨਗਰ ਨਿਗਮ ਨੇ ਸ਼ਹਿਰ 'ਚ ਨਾਜਾਇਜ਼ ਮੈਰਿਜ ਪੈਲੇਸਾਂ ਅਤੇ ਕਾਲੋਨੀਆਂ ਵਿਰੁੱਧ ਮੁਹਿੰਮ ਸ਼ੁਰੂ ਕਰਨ ਦੀ ਤਿਆਰੀ ਕਰ ਲਈ ਹੈ ਤੇ ਛੇਤੀ ਹੀ ਇਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ।

ਇਸ ਬਾਰੇ ਨਗਰ ਨਿਗਮ ਕਮਿਸ਼ਨਰ ਦੀਪਰਵਾ ਲਾਕੜਾ ਨੇ ਬੀਤੀ ਦਿਨੀਂ ਬਿਲਡਿੰਗ ਬ੍ਰਾਂਚ ਦੀ ਮੀਟਿੰਗ ਸੱਦੀ ਸੀ, ਜਿਸ ਵਿੱਚ ਸ਼ਹਿਰ ਦੇ ਨਾਜਾਇਜ਼ ਮੈਰਿਜ ਪੈਲੇਸਾਂ ਤੇ ਕਾਲੋਨੀਆਂ ਨੂੰ ਨੋਟਿਸ ਜਾਰੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਤੇ ਕਿਹਾ ਸੀ ਕਿ ਜਲਦੀ ਹੀ ਨਾਜਾਇਜ਼ ਕਾਲੋਨੀਆਂ ਨੂੰ ਨੋਟਿਸ ਜਾਰੀ ਕਰਨ ਬਾਰੇ ਮੀਟਿੰਗ ਹੋਵੇਗੀ ਤੇ ਉਸ ਮਗਰੋਂ ਨੋਟਿਸ ਜਾਰੀ ਕੀਤੇ ਜਾਣਗੇ। ਇਹ ਹਦਾਇਤ ਐਮ ਟੀ ਪੀ ਪਰਮਪਾਲ ਸਿੰਘ ਅਤੇ ਮੁੱਖ ਡਰਾਫਟਸਮੈਂਨ ਵਿਕਾਸ ਦੂਆ ਨੂੰ ਦਿੱਤੀ ਗਈ। ਮੀਟਿੰਗ ਦੌਰਾਨ ਸ਼ਹਿਰ 'ਚ ਚੱਲਦੀਆਂ ਨਾਜਾਇਜ਼ ਉਸਾਰੀਆਂ 'ਤੇ ਵੀ ਚਰਚਾ ਹੋਈ ਅਤੇ ਕਿਹਾ ਗਿਆ ਕਿ ਜਿਸ ਇੰਸਪੈਕਟਰ ਜਾਂ ਏ ਟੀ ਪੀ ਦੇ ਹਲਕੇ 'ਚ ਨਾਜਾਇਜ਼ ਉਸਾਰੀਆਂ ਹੋਈਆਂ ਜਾਂ ਚੱਲ ਰਹੀਆਂ ਹਨ, ਉਨ੍ਹਾਂ ਬਾਰੇ ਵੀ ਰਿਪੋਰਟ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਵੀ ਨੋਟਿਸ ਜਾਰੀ ਕੀਤੇ ਜਾ ਸਕਣ।

ਪਤਾ ਲੱਗਾ ਹੈ ਕਿ ਕਮਿਸ਼ਨਰ ਨੇ ਮੀਟਿੰਗ ਦੌਰਾਨ ਸ਼ਹਿਰ ਦੇ ਉਨ੍ਹਾਂ ਮੈਰਿਜ ਪੈਲੇਸਾਂ ਨੂੰ ਵੀ ਨੋਟਿਸ ਜਾਰੀ ਕਰਨ ਦੀ ਹਦਾਇਤ ਕੀਤੀ ਹੈ, ਜਿਹੜੇ ਨਿਗਮ ਦੇ ਨਿਯਮਾਂ ਦੇ ਅਨੁਸਾਰ ਨਹੀਂ ਬਣੇ। ਐਮ ਟੀ ਪੀ ਪਰਮਪਾਲ ਸਿੰਘ ਦੇ ਅਨੁਸਾਰ ਸ਼ਹਿਰ 'ਚ 47 ਮੈਰਿਜ ਪੈਲੇਸ ਹਨ ਤੇ ਇਨ੍ਹਾਂ 'ਚ ਸੱਤ ਬੰਦ ਹੋ ਚੁੱਕੇ ਅਤੇ ਤਿੰਨ ਦੇ ਨਕਸ਼ੇ ਪਾਸ ਹਨ। ਇਸ ਲਈ ਹੋਰ 37 ਮੈਰਿਜ ਪੈਲੇਸਾਂ ਨੂੰ ਨਗਰ ਨਿਗਮ ਵੱਲੋਂ ਨੋਟਿਸ ਜਾਰੀ ਕੀਤੇ ਜਾਣਗੇ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •





ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



TransExpert
NOW HIRING!
Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must.
• Drivers paid 60C per mile.
• Midwest runs.
• Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.



KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ




Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਈਟੋਬੀਕੋ ਨੌਰਥ ਤੋਂ ਜਿੱਤਣ ਲਈ ਸਰਬਜੀਤ ਕੌਰ ਦੀ ਸਿਰੜੀ ਮਿਹਨਤ ਬਾਦਸਤੂਰ ਜਾਰੀ



...ਪੰਨਾ 1 ਦਾ ਬਾਕੀ

ਜੀ ਟੀ ਏ ਦੀਆਂ ਹੋਰ ਰਾਈਡਿੰਗਾਂ ਵਾਗੂੰ ਈਟੋਬੀਕੋ ਨੌਰਥ ਵੀ ਵਿਭਿੰਨਤਾ ਭਰਪੂਰ ਹੈ ਅਤੇ ਸਰਬਜੀਤ ਕੌਰ ਆਪਣੇ ਵਾਲੰਟੀਅਰਾਂ ਨਾਲ ਹਰ ਵਰਗ ਨਾਲ ਸੰਪਰਕ ਬਣਾਉਣ ਲਈ ਵੱਡੇ ਪੱਧਰ ਉੱਤੇ ਮਿਹਨਤ ਕਰ ਰਹੀ ਹੈ। ਉਸਨੂੰ ਵੱਖ 2 ਧਾਰਮਿਕ ਸਥਾਨਾਂ, ਕਮਿਉਨਿਟੀ ਜੱਥੇਬੰਦੀਆਂ ਅਤੇ ਸੀਨੀਅਰ ਗਰੁੱਪਾਂ ਵੱਲੋਂ ਭਾਰੀ ਹੁੰਗਾਰਾ ਮਿਲ ਰਿਹਾ ਹੈ। ਵਿਭਿੰਨ ਐਥਨਿਕ ਗਰੁੱਪਾਂ ਤੱਕ ਪਹੁੰਚ ਕਰਨ ਵਿੱਚ ਉਹ ਸ਼ਰਤੀਆ ਹੀ ਆਪਣੇ ਵਿਰੋਧੀਆਂ ਤੋਂ ਅੱਗੇ ਰਹੇਗੀ ਕਿਉਂਕਿ ਉਸ ਕੋਲ ਅੰਗਰੇਜ਼ੀ ਭਾਸ਼ਾ ਦੇ ਨਾਲ ਨਾਲ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਦਾ ਵੀ ਪਰਪੱਕ ਗਿਆਨ ਹੈ। ਸਰਬਜੀਤ ਕੌਰ ਦੇ ਪਤੀ ਇੰਦਰਜੀਤ ਸਿੰਘ ਜਗਰਾਉਂ ਲੰਬੇ ਸਮੇਂ ਤੋਂ ਸਿੱਖ ਸਿਆਸਤ ਅਤੇ ਸਿੱਖ ਮੁੱਦਿਆਂ ਨਾਲ ਜੁੜੇ ਰਹੇ ਹਨ। ਉਂਟੇਰੀਓ ਵਿੱਚ ਮੋਟਰ ਸਾਈਕਲ ਚਲਾਉਣ ਵੇਲੇ ਦਸਤਾਰ ਪਹਿਨਣ ਦੇ ਅਧਿਕਾਰ ਨੂੰ ਲੈ ਕੇ ਕੀਤੀ ਗਈ ਜਦੋਜਹਿਦ ਵਿੱਚ ਉਸਦਾ ਵੱਡਾ ਰੋਲ ਰਿਹਾ ਹੈ।

# ਜਗਮੀਤ ਸਿੰਘ ਨੇ ਕੈਨੇਡੀਅਨਾਂ ਲਈ ਤੈਅ ਕੀਤੀਆਂ ਤਰਜੀਹਾਂ

...ਪੰਨਾ 1 ਦਾ ਬਾਕੀ

- ਵਿਦਿਆਰਥੀਆਂ ਦੇ ਸਿਰ ਚੜ੍ਹੇ ਮੌਜੂਦਾ ਤੇ ਭਵਿੱਖ ਵਿਚਲੇ ਕਰਜ਼ੇ ਤੋਂ ਵਿਆਜ ਖਤਮ ਕਰਨਾ ਤਾਂ ਕਿ ਵਿਦਿਆਰਥੀਆਂ ਨੂੰ ਕਰਜ਼ੇ ਵਿੱਚੋਂ ਬਾਹਰ ਕੱਢਿਆ ਜਾ ਸਕੇ।
- ਕਲਾਈਮੇਟ ਚੇਂਜ ਨਾਲ ਲੜਨ ਲਈ ਠੋਸ ਯੋਜਨਾ ਲਿਆਉਣਾ ਤੇ ਦਮਦਾਰ ਕਾਰਵਾਈ ਕਰਨਾ। ਵੱਡੀਆਂ ਤੇਲ ਕੰਪਨੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਬਸਿਡੀਜ਼ ਖਤਮ ਕਰਨਾ, ਸਾਇੰਸ ਆਧਾਰਿਤ ਟੀਚਿਆਂ ਨੂੰ ਪੂਰਾ ਕਰਨਾ ਤੇ ਫੌਸਿਲ ਫਿਊਲਜ਼ ਤੋਂ ਤਬਾਦਲੇ ਦੌਰਾਨ ਵਰਕਰਜ਼ ਦੀ ਮਦਦ ਕਰਨਾ।
- ਇਹ ਯਕੀਨੀ ਬਣਾਉਣ ਲਈ ਕਿ ਕੈਨੇਡੀਅਨਾਂ ਨੂੰ ਆਪਣੇ ਸੈੱਲ ਫੋਨ ਤੇ ਇੰਟਰਨੈੱਟ ਬਿੱਲਾਂ ਲਈ ਵਧੇਰੇ ਅਦਾਇਗੀ ਨਾ ਕਰਨੀ ਪਵੇ ਇਸ ਲਈ ਕੰਪਨੀਆਂ ਉੱਤੇ ਪ੍ਰਾਈਸ ਕੈਪ ਲਾਇਆ ਜਾਵੇਗਾ ਤੇ ਸੈੱਲ ਫੋਲ ਤੇ ਇੰਟਰਨੈੱਟ ਬਿੱਲਾਂ ਨੂੰ ਵਧੇਰੇ ਕਿਫਾਇਤੀ ਬਣਾਇਆ ਜਾਵੇਗਾ।
- ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਬੇਹੱਦ ਅਮੀਰ ਲੋਕ ਆਪਣੀ ਯੋਗ ਹਿੱਸੇਦਾਰੀ ਸਮਾਜ ਵਿੱਚ ਪਾਉਣ, ਇਸ ਲਈ ਸੁਪਰ ਵੈਲਥ ਟੈਕਸ ਲਾਇਆ ਜਾਵੇਗਾ, ਟੈਕਸ ਚੋਰੀ ਰੋਕਣ ਲਈ ਸਾਰੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾਣਗੀਆਂ।

ਜਗਮੀਤ ਸਿੰਘ ਨੇ ਆਖਿਆ ਕਿ ਜਿਸ ਤਰ੍ਹਾਂ ਕੈਨੇਡੀਅਨ ਆਪਣੀ ਸਰਕਾਰ ਚੁਣਦੇ ਹਨ ਉਸ ਨੂੰ ਅਸੀਂ ਬਦਲ ਸਕਦੇ ਹਾਂ ਤੇ ਬਦਲਿਆ ਵੀ ਜਾਣਾ ਚਾਹੀਦਾ ਹੈ। ਅਜਿਹਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਲੋਕ ਇਹ ਮਹਿਸੂਸ ਕਰ ਸਕਣ ਕਿ ਉਹ ਉਹੀ ਚੁਣ ਰਹੇ ਹਨ ਜਿਸ ਵਿੱਚ ਉਹ ਯਕੀਨ ਕਰਦੇ ਹਨ ਨਾ ਕਿ ਆਪਣੇ ਡਰ ਕਾਰਨ ਸਰਕਾਰ ਦੀ ਚੋਣ ਕਰ ਰਹੇ ਹਨ। ਅਸੀਂ ਸਿਸਟਮ ਹੀ ਬਦਲ ਦੇਵਾਂਗੇ ਤਾਂ ਕਿ ਹਰੇਕ ਵੋਟ ਕੀਮਤੀ ਹੋਵੇ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਲਿਬਰਲ ਤੇ ਕੰਜ਼ਰਵੇਟਿਵ ਤੁਹਾਨੂੰ ਅੱਖੋਂ ਪਰੋਖੇ ਨਾ ਕਰ ਸਕਣ।

# ਕਲਾਈਮੇਟ ਚੇਂਜ ਉੱਤੇ ਹੋਣ ਵਾਲੀ ਬਹਿਸ ਵਿੱਚ ਹਿੱਸਾ ਲੈਣ ਤੋਂ ਕੰਜ਼ਰਵੇਟਿਵਾਂ ਨੇ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਕਲਾਈਮੇਟ ਐਕਸ਼ਨ ਨੈੱਟਵਰਕ ਕੈਨੇਡਾ ਦੀ ਐਗਜ਼ੈਕਟਿਵ ਡਾਇਰੈਕਟਰ ਕੈਥਰੀਨ ਐਬਰਿਊ ਨੇ ਆਖਿਆ ਕਿ ਇਹ ਬਹੁਤ ਹੀ ਨਿਰਾਸ਼ਾਜਨਕ ਹੈ। ਜ਼ਿਕਰਯੋਗ ਹੈ ਕਿ ਅਗਸਤ ਵਿੱਚ 48,000 ਕੈਨੇਡੀਅਨਾਂ ਨੇ ਇੱਕ ਪਟੀਸ਼ਨ ਸਾਈਨ ਕਰਕੇ ਸੀਬੀਸੀ ਨੂੰ ਕੌਮੀ ਪੱਧਰ ਉੱਤੇ ਕਲਾਈਮੇਟ ਸਬੰਧੀ ਬਹਿਸ ਕਰਵਾਉਣ ਲਈ ਰਾਜ਼ੀ ਕੀਤਾ ਸੀ ਤੇ ਇਸ ਵਿੱਚ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਸ਼ਾਮਲ ਕਰਨ ਦੀ ਵੀ ਮੰਗ ਰੱਖੀ ਗਈ ਸੀ। ਪਰ ਅੰਗਰੇਜ਼ੀ ਤੇ ਫਰੈਂਚ ਭਾਸ਼ਾ ਦੀ ਬਹਿਸ ਕਰਵਾਉਣ ਵਾਲੇ ਮੀਡੀਆ ਗਰੁੱਪ ਦਾ ਹਿੱਸਾ ਰਹੇ ਸੀਬੀਸੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਸਾਇਮਨ ਜੈਫਰੀਜ਼ ਨੇ ਆਖਿਆ ਕਿ ਇਸ ਬਹਿਸ ਲਈ ਲਿਬਰਲਾਂ ਦੇ ਕਹਿਣ ਉੱਤੇ ਤਰੀਕ ਬਦਲੀ ਗਈ ਹੈ।

# ਜਨਰਲ ਆਬਜ਼ਰਵਰ ਸੌਰਭ ਭਗਤ ਵੱਲੋਂ ਮੀਡੀਆ ਮੋਨੀਟਰਿੰਗ ਸੈੱਲ ਦਾ ਦੌਰਾ



ਕਪੂਰਥਲਾ, 10 ਅਕਤੂਬਰ (ਗਿਆਨ ਸਿੰਘ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਫਗਵਾੜਾ ਜ਼ਿਮਨੀ ਚੋਣ ਨੂੰ ਨਿਰਪੱਖ, ਸ਼ਾਂਤਮਈ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਤਾਇਨਾਤ ਜਨਰਲ ਆਬਜ਼ਰਵਰ ਸ੍ਰੀ ਸੌਰਭ ਭਗਤ, ਆਈ. ਏ. ਐਸ ਨੇ ਮੀਡੀਆ ਮੋਨੀਟਰਿੰਗ ਐਂਡ ਸਰਟੀਫਿਕੇਸ਼ਨ ਕਮੇਟੀ (ਐਮ. ਸੀ. ਐਮ. ਸੀ) ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ ਕੀਤੇ ਗਏ ਮੀਡੀਆ ਮੋਨੀਟਰਿੰਗ ਸੈੱਲ ਦਾ ਅੱਜ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਸੈੱਲ ਵੱਲੋਂ ਕੀਤੇ ਜਾ ਰਹੇ ਕੰਮਕਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਾਪਤ ਕੀਤੀ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਮੀਡੀਆ ਸੈੱਲ ਵਿਚ ਤਾਇਨਾਤ ਅਮਲੇ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਮਿਹਨਤ, ਲਗਨ ਤੇ ਦ੍ਰਿੜਤਾ ਨਾਲ ਨਿਭਾਉਣ, ਤਾਂ ਜੋ ਸਮੁੱਚੀ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਇਸ ਮੌਕੇ ਸਹਾਇਕ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ ਨੇ ਆਬਜ਼ਰਵਰ ਸੌਰਭ ਭਗਤ ਨੂੰ ਦੱਸਿਆ ਕਿ ਮੀਡੀਆ ਮੋਨੀਟਰਿੰਗ ਸੈੱਲ ਵੱਲੋਂ ਵੱਖ-ਵੱਖ ਉਮੀਦਵਾਰਾਂ ਵੱਲੋਂ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਵਿਚ ਦਿੱਤੇ ਜਾ ਰਹੇ ਇਸ਼ਤਿਹਾਰਾਂ ਤੋਂ ਇਲਾਵਾ ਪੇਡ ਨਿਊਜ਼ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੈੱਲ ਵੱਲੋਂ ਨਿਊਜ਼ ਚੈਨਲਾਂ ਦੇ ਨਾਲ-ਨਾਲ ਅਖ਼ਬਾਰਾਂ ਵਿਚ ਨਿਊਜ਼ ਕੰਟੈਂਟ ਨੂੰ ਵੀ ਬਾਰੀਕੀ ਨਾਲ ਵਾਚਿਆ ਜਾ ਰਿਹਾ ਹੈ ਅਤੇ ਸਮੁੱਚੇ ਰਿਕਾਰਡ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਗਿਆ ਹੈ। ਇਸ ਮੌਕੇ ਐਸ. ਡੀ. ਐਮ ਫਗਵਾੜਾ ਲਤੀਫ਼ ਅਹਿਮਦ, ਚੋਣ ਤਹਿਸੀਲਦਾਰ ਮਨਜੀਤ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਿਕਰਮਜੀਤ ਸਿੰਘ, ਲਾਇਜ਼ਨ ਅਫ਼ਸਰ ਅਸ਼ੋਕ ਕੁਮਾਰ, ਦਵਿੰਦਰ ਸਿੰਘ ਵਾਲੀਆ, . ਸੁਰਜੀਤ ਸਿੰਘ ਲੱਖਣਪਾਲ, ਜਸਬੀਰ ਕੌਰ, ਗੁਰਮੀਤ ਕੌਰ, ਦਲਜੀਤ ਸਿੰਘ, ਪਰਮਜੀਤ ਕੌਰ, ਸੁਰਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਐਮ ਜੀ ਐਨ ਦੇ ਪ੍ਰਿੰਸੀਪਲ ਦੇ ਨਾਂ ਸਾਈਟ ਹੈਕ ਠੱਗੀ ਦੀ ਕੋਸ਼ਿਸ਼

ਜਲੰਧਰ, 10 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਦੇਰ ਰਾਤ ਇਸ ਸ਼ਹਿਰ ਦੇ ਕਈ ਪੱਤਰਕਾਰਾਂ ਦੀ ਮੇਲ ਆਈ ਡੀ ਉਤੇ ਐਮ ਜੀ ਐਨ ਸਕੂਲ ਦੇ ਪ੍ਰਿੰ. ਡਾਕਟਰ ਕੰਵਲਜੀਤ ਸਿੰਘ ਰੰਧਾਵਾ ਵੱਲੋਂ ਭੇਜੇ ਇੱਕ ਮੈਸੇਜ ਵਿੱਚ ਉਨ੍ਹਾਂ ਵੱਲੋਂ ਆਪਣੀ ਕਿਸੇ ਰਿਸ਼ਤੇਦਾਰ ਦੀ ਧੀ ਦੀ ਸਰਜਰੀ ਲਈ ਆਰਥਿਕ ਮਦਦ ਦੀ ਮੰਗ ਕੀਤੀ ਗਈ ਸੀ। ਇਸ ਮੈਸੇਜ ਨੂੰ ਪੜ੍ਹਨ ਪਿੱਛੋਂ ਬਾਅਦ ਕਈ ਪੱਤਰਕਾਰਾਂ ਨੇ ਮਦਦ ਦੀ ਪੇਸ਼ਕਸ਼ ਕੀਤੀ, ਪਰ ਪਿੱਛੋਂ ਮਾਮਲਾ ਠੱਗੀ ਦਾ ਨਿਕਲਿਆ।

ਇਸ ਸੰਬੰਧ ਵਿੱਚ ਇੱਕ ਪੱਤਰਕਾਰ ਨੇ ਬੈਂਕ ਅਕਾਊਂਟ ਅਤੇ ਬੈਂਕ ਦਾ ਨਾਂਅ ਦੱਸਣ ਲਈ ਉਸੇ ਵੈਬਸਾਈਟ 'ਤੇ ਪਾਇਆ, ਉਸ ਤੋਂ ਜਿਹੜਾ ਮੈਸੇਜ ਬੈਂਕ ਅਕਾਊਂਟ ਲਈ ਭੇਜਿਆ ਗਿਆ ਉਸ ਤੋਂ ਸਾਰੀ ਠੱਗੀ ਦਾ ਪਰਦਾਫਾਸ਼ ਹੋ ਗਿਆ। ਪੈਸੇ ਭੇਜਣ ਲਈ ਜਿਸ ਬੈਂਕ ਦਾ ਦਿੱਤਾ ਗਿਆ, ਉਹ ਰਾਜਸਥਾਨ ਦੇ ਸ਼ਹਿਰ ਉਦੈਪੁਰ ਵਿਚਲਾ ਓਰੀਐਂਟਲ ਬੈਂਕ ਆਫ ਕਾਮਰਸ ਸੀ ਅਤੇ ਜਿਸ ਫਾਰਮ ਦੇ ਖਾਤੇ ਵਿੱਚ ਪੈਸੇ ਭੇਜਣ ਨੂੰ ਕਿਹਾ, ਉਹ ਉਦੈਪੁਰ ਦੇ ਕਿਸੇ ਡਾਇਮੰਡ ਇੰਟ੍ਰਪ੍ਰਾਇਜਜ਼ ਦਾ ਸੀ, ਜਿਸ ਤੋਂ ਸਾਫ ਹੋ ਗਿਆ ਕਿ ਡਾਕਟਰ ਰੰਧਾਵਾ ਦੀ ਵੈਬਸਾਈਟ ਹੈਕ ਕਰਕੇ ਵੱਡੀ ਠੱਗੀ ਕੀਤੀ ਜਾਣੀ ਸੀ। ਇਸ ਸਬੰਧੀ ਜਦੋਂ ਪੱਤਰਕਾਰਾਂ ਨੇ ਡਾਕਟਰ ਰੰਧਾਵਾ ਨਾਲ ਕੀਤੀ ਤਾਂ ਉਹ ਵੀ ਹੱਕੇ ਬੱਕੇ ਰਹਿ ਗਏ। ਮਿਲੀ ਜਾਣਕਾਰੀ ਅਨੁਸਾਰ ਠੱਗਾਂ ਵੱਲੋਂ ਭੇਜੇ ਮੈਸੇਜ ਵਿੱਚ ਕਿਹਾ ਗਿਆ ਸੀ ਕਿ ਸਰਜਰੀ ਲਈ 1.66 ਲੱਖ ਰੁਪਏ ਦੀ ਲੋੜ ਹਸਪਤਾਲ ਨੇ ਦੱਸੀ ਹੈ, ਜੋ ਫੌਰੀ ਤੌਰ 'ਤੇ ਜਮ੍ਹਾ ਕਰਾਉਣੇ ਹਨ। ਤੁਸੀਂ ਕੋਸ਼ਿਸ਼ ਕਰੋ ਕਿ 1.70 ਲੱਖ ਰੁਪਏ ਬੈਂਕ ਅਕਾਊਂਟ ਵਿੱਚ ਭੇਜ ਦਿਓ। ਇਹ ਵੀ ਕਿਹਾ ਗਿਆ ਕਿ ਪੈਸੇ ਮੋੜ ਦਿੱਤੇ ਜਾਣਗੇ। ਵੈਬਸਾਈਟ 'ਤੇ ਇਹ ਲਿਖਿਆ ਕਿ ਉਹ ਇਸ ਵੇਲੇ ਸ਼ਹਿਰ ਤੋਂ ਬਾਹਰ ਨੇਪਾਲ 'ਚ ਹਨ। ਇਸ ਬਾਰੇ ਰੰਧਾਵਾ ਤੋਂ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਜਲੰਧਰ ਵਿੱਚ ਹਨ ਤੇ ਨੇਪਾਲ ਗਏ ਹੀ ਨਹੀਂ। ਜਲੰਧਰ ਕਮਿਸ਼ਨਰੇਟ ਪੁਲਸ ਦੇ ਸਾਈਬਰ ਕ੍ਰਾਈਮ ਸੇਲ ਨੂੰ ਸੂਚਿਤ ਕੀਤਾ ਗਿਆ ਹੈ।

# ਢਾਬੇ ਤੋਂ ਫੜੇ ਗੈਂਗਸਟਰਾਂ ਦੇ ਤਾਰ ਖਾੜਕੂਆਂ ਨਾਲ ਜੁੜੇ ਨਿਕਲੇ

ਲੁਧਿਆਣਾ, 10 ਅਕਤੂਬਰ (ਪੋਸਟ ਬਿਊਰੋ)- ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਵੱਲੋਂ ਬੀਤੇ ਦਿਨੀਂ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਨੇੜੇ ਢਾਬੇ ਤੋਂ ਫੜੇ ਤਿੰਨ ਗੈਂਗਸਟਰਾਂ ਦਾ ਦੋ ਦਿਨ ਦਾ ਰਿਮਾਂਡ ਵਧ ਗਿਆ ਹੈ। ਪੁਲਸ ਨੇ ਤਿੰਨਾਂ ਨੂੰ ਕੱਲ੍ਹ ਮੋਹਾਲੀ ਦੀ ਅਦਾਲਤ ਵਿੱਚ ਪੇਸ਼ ਕੀਤਾ, ਪਰ ਹਾਲੇ ਤੱਕ ਦੀ ਪੁੱਛਗਿੱਛ ਦੀ ਜਾਣਕਾਰੀ ਨਹੀਂ ਦਿੱਤੀ ਗਈ। ਜਾਣਕਾਰ ਸੂਤਰ ਦੱਸਦੇ ਹਨ ਕਿ ਪੁਲਸ ਦੇ ਹੱਥ ਗੈਂਗਸਟਰ ਵੱਲੋਂ ਵਰਤੇ ਜਾਣ ਵਾਲੇ ਇੰਟਰਨੈਸ਼ਨਲ ਸਿਮ ਭਾਰਤ ਵਿੱਚ ਸਰਗਰਮ ਹੋਣ ਅਤੇ ਪਾਕਿਸਤਾਨ ਤੇ ਵਿਦੇਸ਼ਾਂ ਵਿੱਚ ਇਨ੍ਹਾਂ ਦੇ ਕਈ ਲਿੰਕ ਹੋਣ ਦੇ ਸਬੂਤ ਮਿਲੇ ਹਨ। ਵਰਨਣ ਯੋਗ ਹੈ ਕਿ ਐੱਸ ਟੀ ਐੱਫ ਟੀਮ ਨੂੰ ਪਿਛਲੇ ਮਹੀਨੇ ਦੇ ਅਖੀਰ ਵਿੱਚ ਫਿਰੋਜ਼ਪੁਰ ਦੇ ਮਮਦੋਟ ਥਾਣੇ ਹੇਠ ਆਉਂਦੇ ਪਾਕਿਸਤਾਨ ਬਾਰਡਰ ਤੋਂ ਹਥਿਆਰ ਅਤੇ ਕਾਰਤੂਸ ਮਿਲੇ ਸਨ। ਪੁਲਸ ਨੂੰ ਸਿਰਫ ਪਾਕਿਸਤਾਨ ਤੋਂ ਨਸ਼ਾ ਆਉਣ ਦੀ ਜਾਣਕਾਰੀ ਸੀ, ਪਰ ਜ਼ਮੀਨ ਖੁਦਾਈ ਵੇਲੇ ਹਥਿਆਰ ਮਿਲੇ ਸਨ। ਪੁਲਸ ਨੇ ਇਸ ਦੇ ਦੋ ਦਿਨ ਪਿੱਛੋਂ ਇੱਕ ਅਕਤੂਬਰ ਨੂੰ ਅੰਮ੍ਰਿਤਸਰ ਵਿਚਲੇ ਜੰਡਿਆਲਾ ਗੁਰੂ ਦੇ ਗੁਰਦਾਸਪੁਰੀਆ ਢਾਬੇ ਤੋਂ ਭੁਪਿੰਦਰ ਸਿੰਘ ਉਰਫ ਜਿੰਦ ਪਿੰਡ ਝੰਡੇ ਮਜੀਠਾ, ਸੁਖਰਾਜ ਸਿੰਘ ਸੁੱਖਾ ਪਿੰਡ ਲਖਨਪਾਲ ਗੁਰਦਾਸਪੁਰ, ਰਾਜਪਾਲ ਸਿੰਘ ਉਰਫ ਰਾਜਾ ਰਸੂਲਪੁਰ ਅੰਮ੍ਰਿਤਸਰ ਨੂੰ ਗ੍ਰਿਫਤਾਰ ਕੀਤਾ ਸੀ।

# ਐੱਨ ਆਰ ਆਈ ਔਰਤ ਨੇ ਸਹੁਰੇ ਪਰਿਵਾਰ ਉੱਤੇ ਕੁੱਟਣ ਦੇ ਦੋਸ਼ ਲਾਏ

ਜਲੰਧਰ, 10 ਅਕਤੂਬਰ (ਪੋਸਟ ਬਿਊਰੋ)- ਐੱਨ ਆਰ ਆਈ ਔਰਤ ਨੇ ਆਪਣੇ ਪਤੀ ਤੇ ਸਹੁਰਾ ਘਰ ਵਾਲਿਆਂ 'ਤੇ ਕੁੱਟ ਮਾਰ ਦੇ ਦੋਸ਼ ਲਾਏ ਅਤੇ ਪੁਲਸ ਤੋਂ ਕਾਰਵਾਈ ਦੀ ਮੰਗ ਕੀਤੀ ਹੈ।

ਕੱਲ੍ਹ ਏਥੇ ਪ੍ਰੈੱਸ ਕਾਨਫਰੰਸ ਦੌਰਾਨ ਜਸਪ੍ਰੀਤ ਕੌਰ ਵਾਸੀ ਮੋਤੀਪੁਰ ਜਲੰਧਰ ਨੇ ਕਿਹਾ ਕਿ ਉਹ ਅਮਰੀਕਾ ਦੀ ਰਹਿਣ ਵਾਲੀ ਹੈ ਅਤੇ 2005 ਤੋਂ ਆਪਣੇ ਪਰਵਾਰ ਨਾਲ ਅਮਰੀਕਾ ਵਿੱਚ ਰਹਿ ਰਹੀ ਸੀ। ਸਾਲ 2012 'ਚ ਉਸ ਦਾ ਵਿਆਹ ਜਲੰਧਰ ਦੇ ਰਿਟਾਇਰਡ ਐਸ ਪੀ ਦੇ ਲੜਕੇ ਨਾਲ ਹੋਇਆ ਸੀ। ਉਨ੍ਹਾਂ ਦੀ ਇੱਕ ਛੇ ਸਾਲ ਦੀ ਲੜਕੀ ਅਤੇ ਚਾਰ ਸਾਲ ਦਾ ਲੜਕਾ ਹੈ। 2015 ਵਿੱਚ ਉਸ ਦਾ ਪਤੀ ਉਸ ਦੇ ਨਾਲ ਡਿਪੈਂਡੈਂਟ ਵੀਜ਼ੇ 'ਤੇ ਅਮਰੀਕਾ ਚਲਾ ਗਿਆ ਅਤੇ ਟਰੱਕ ਡਰਾਈਵਰ ਦਾ ਕੰਮ ਕਰਦਾ ਸੀ। ਪਤੀ ਨੂੰ ਗ੍ਰੀਨ ਕਾਰਡ ਮਿਲਦੇ ਹੀ ਉਸ 'ਚ ਬਦਲਾਅ ਆ ਗਿਆ ਅਤੇ ਉਹ ਉਸ ਦੇ ਕੰਮ ਕਰਨ 'ਤੇ ਵੀ ਪਾਬੰਦੀ ਲਗਾਉਣ ਲੱਗਾ ਸੀ ਅਤੇ ਗੱਲ-ਗੱਲ 'ਤੇ ਉਸ ਨਾਲ ਝਗੜਾ ਕਰਦਾ ਸੀ। ਦਸੰਬਰ 2016 'ਚ ਉਹ ਆਪਣੇ ਪਤੀ ਨਾਲ ਜਲੰਧਰ ਆਪਣੇ ਸਹੁਰੇ-ਘਰ ਗਈ ਸੀ, ਜਿੱਥੇ ਉਸ ਨਾਲ ਕੁੱਟਮਾਰ ਕੀਤੀ, ਪਰ ਪੇਕੇ ਵਾਲਿਆਂ ਨੇ ਆ ਕੇ ਰਾਜ਼ੀਨਾਮਾ ਕਰਾਇਆ, ਜਿਸ ਤੋਂ ਬਾਅਦ 2017 'ਚ ਉਹ ਫਿਰ ਅਮਰੀਕਾ ਚਲੇ ਗਏ। ਜੁਲਾਈ 2019 ਵਿੱਚ ਉਸ ਦੇ ਪਤੀ ਨੇ ਕਿਹਾ ਕਿ ਉਹ ਤਲਾਕ ਚਾਹੁੰਦਾ ਹੈ ਕਿਉਂਕਿ ਉਹ ਆਪਣੀ ਵਾਕਫ ਔਰਤ ਨੂੰ ਅਮਰੀਕਾ ਲਿਆਉਣਾ ਚਾਹੁੰਦਾ ਹੈ ਇਸ ਲਈ ਉਸ ਨੂੰ ਉਸ ਔਰਤ ਨਾਲ ਵਿਆਹ ਕਰਨਾ ਹੋਵੇਗਾ। ਬਾਅਦ 'ਚ ਉਹ ਫਿਰ ਰੀ-ਮੈਰਿਜ ਕਰਵਾ ਲੈਣਗੇ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਉਸ ਨਾਲ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਗਈ, ਜਿਸ ਵਿੱਚ ਉਸ ਦਾ ਇੱਕ ਦੰਦ ਟੁੱਟ ਗਿਆ। ਇਸ ਤੋਂ ਬਾਅਦ ਉਸ ਦਾ ਪਤੀ ਗਾਇਬ ਹੈ ਅਤੇ ਦੋ ਮਹੀਨਿਆਂ ਤੋਂ ਪਤੀ ਨੇ ਕੋਈ ਸੰਪਰਕ ਨਹੀਂ ਕੀਤਾ।

ਜਸਪ੍ਰੀਤ ਨੇ ਕਿਹਾ ਕਿ ਉਸ ਨੇ ਪੂਰੇ ਕੇਸ ਦੀ ਸ਼ਿਕਾਇਤ ਡੀ ਐੱਸ ਪੀ ਫਿਲੌਰ ਨੂੰ ਦਿੱਤੀ ਹੈ। ਉਸ ਨੇ ਮੰਗ ਕੀਤੀ ਹੈ ਕਿ ਉਸ ਦੇ ਸਹੁਰਾ ਪਰਵਾਰ ਵਾਲਿਆਂ ਖਿਲਾਫ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇ।

# ਨਸ਼ਾ ਤਸਕਰਾਂ ਨਾਲ ਮੁਕਾਬਲੇ ਵਿੱਚ ਮਰ ਗਏ ਸਿਪਾਹੀ ਦੀ ਪਹਿਲੀ ਬੀਵੀ ਸਾਹਮਣੇ ਆਈ

ਜਲੰਧਰ, 10 ਅਕਤੂਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਵਿੱਚ ਨਸ਼ਾ ਤਸਕਰਾਂ ਨਾਲ ਮੁਠਭੇੜ ਵਿੱਚ ਮਾਰੇ ਗਏ ਐੱਸ ਟੀ ਐੱਫ ਦੇ ਸਿਪਾਹੀ ਗੁਰਦੀਪ ਸਿੰਘ ਦੀ ਪਹਿਲੀ ਪਤਨੀ ਸਾਹਮਣੇ ਆਈ ਅਤੇ ਉਸ ਨੇ ਇਸ ਸਿਪਾਹੀ ਦੀ ਨੌਕਰੀ ਦੇ ਸੰਬੰਧ ਵਿੱਚ ਆਪਣਾ ਹੱਕ ਮੰਗਿਆ ਹੈ।

ਕੱਲ੍ਹ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਪੂਰਥਲਾ ਦੀ ਸਿਮਰਨਜੀਤ ਕੌਰ ਪਤਨੀ ਕਰਨੈਲ ਚੰਦ ਨੇ ਕਿਹਾ ਕਿ ਜੁਲਾਈ 2012 ਵਿੱਚ ਉਸ ਦਾ ਵਿਆਹ ਦਿਓਲ ਨਗਰ ਵਾਸੀ ਗੁਰਦੀਪ ਸਿੰਘ ਪੁੱਤਰ ਜਗਜੀਤ ਸਿੰਘ ਨਾਲ ਹੋਇਆ ਸੀ। ਉਨ੍ਹਾਂ ਦੀ ਸੱਤ ਸਾਲ ਦੀ ਲੜਕੀ ਹੈ ਸਿਮਰਨਜੀਤ ਕੌਰ ਨੇ ਦੱਸਿਆ ਕਿ ਉਹ ਡੀ ਸੀ ਦਫਤਰ ਕਪੂਰਥਲਾ ਵਿੱਚ ਫੋਟੋ ਸਟੇਟ ਕਰਨ ਦਾ ਕੰਮ ਕਰਦੀ ਸੀ। ਇਸ ਦੌਰਾਨ ਉਸ ਦੀ ਆਪਣੇ ਤੋਂ ਪੰਜ ਸਾਲ ਛੋਟੇ ਗੁਰਦੀਪ ਸਿੰਘ ਨਾਲ ਮੁਲਾਕਾਤ ਹੋਈ ਤਾਂ ਦੋਵਾਂ ਨੇ ਵਿਆਹ ਕਰ ਲਿਆ। ਇਸ ਬਾਰੇ ਗੁਰਦੀਪ ਦੇ ਪਰਵਾਰ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਸਮਾਜਕ ਰੀਤੀ ਰਿਵਾਜਾਂ ਨੂੰ ਪੂਰਾ ਕਰਨ ਲਈ ਪੈਲੇਸ ਵਿੱਚ ਵਿਆਹ ਦਾ ਪ੍ਰੋਗਰਾਮ ਕਰ ਕੇ ਦੋਬਾਰਾ ਦੋਵਾਂ ਦਾ ਵਿਆਹ ਕਰਾਇਆ। ਸਿਮਰਨਜੀਤ ਨੇ ਦੱਸਿਆ ਕਿ ਗੁਰਦੀਪ ਸਿੰਘ ਦੀ ਮੌਤ ਤੋਂ ਚਾਰ ਮਹੀਨੇ ਪਹਿਲਾਂ ਉਸ ਨੂੰ ਪਤਾ ਲੱਗਾ ਕਿ ਉਸ ਨੇ 2015 ਵਿੱਚ ਦੂਸਰਾ ਵਿਆਹ ਕਰ ਲਿਆ ਸੀ। ਇਸ ਬਾਰੇ ਉਸ ਨੇ 2015 ਵਿੱਚ ਦੂਸਰਾ ਵਿਆਹ ਕਰ ਲਿਆ ਸੀ। ਇਸ ਸੰਬੰਧ ਵਿੱਚ ਉਸ ਨੇ ਕਪੂਰਥਲਾ ਪੁਲਸ ਨੂੰ ਵੀ ਸ਼ਿਕਾਇਤ ਕੀਤੀ ਸੀ, ਜਿਸ ਦੀ ਜਾਂਚ ਜਾਰੀ ਹੈ। ਉਸ ਨੇ ਕਿਹਾ ਕਿ ਪਹਿਲੀ ਪਤਨੀ ਹੋਣ ਕਾਰਨ ਗੁਰਦੀਪ ਦੀ ਨੌਕਰੀ 'ਚੋਂ ਮਿਲਣ ਵਾਲੀ ਮਦਦ ਉਸ ਨੂੰ ਦਿੱਤੀ ਜਾਏ, ਤਾਂ ਕਿ ਉਹ ਬੇਟੀ ਦਾ ਭਵਿੱਖ ਸੁਰੱਖਿਅਤ ਕਰ ਸਕੇ।

ਦੂਸਰੇ ਪਾਸੇ ਮ੍ਰਿਤਕ ਗੁਰਦੀਪ ਦੇ ਭਰਾ ਹਰਦੀਪ ਨੇ ਕਿਹਾ ਕਿ ਉਕਤ ਔਰਤ ਵੱਲੋਂ ਲਾਏ ਦੋਸ਼ ਪੂਰੀ ਤਰ੍ਹਾਂ ਝੂਠੇ ਹਨ। ਮਹਿਲਾ ਵੱਲੋਂ ਦਿੱਤੀ ਸ਼ਿਕਾਇਤ ਦੇ ਸਮੇਂ ਜਾਂਚ ਦੌਰਾਨ ਉਨ੍ਹਾਂ ਦਾ ਮ੍ਰਿਤਕ ਭਰਾ ਗੁਰਦੀਪ ਕਪੂਰਥਲਾ ਪੁਲਸ ਸਾਹਮਣੇ ਪੇਸ਼ ਹੋਇਆ ਸੀ ਕਿ ਉਹ ਮਹਿਲਾ ਧੋਖੇਬਾਜ਼ ਹੈ ਅਤੇ ਉਹ ਬੱਚੀ ਵੀ ਉਸ ਦੀ ਨਹੀਂ। ਉਹ ਸੱਚਾਈ ਨੂੰ ਸਾਬਤ ਕਰਨ ਦੇ ਲਈ ਡੀ ਐੱਨ ਏ ਟੈਸਟ ਲਈ ਤਿਆਰ ਸੀ।

# ਮਹਿਫਿਲੇ ਸ਼ਾਮ ਅੱਜ

ਟੋਰਾਂਟੋ:-ਅਕਤੂਬਰ(ਹਰਜੀਤ ਸਿੰਘ ਬਾਜਵਾ) ਰਾਜ ਮਿਉਜ਼ਿਕ ਅਕੈਡਮੀ ਅਤੇ ਇੰਡੋ ਕਨੇਡੀਅਨ ਮਿਉਜ਼ਿਕ ਐਂਡ ਕਲਚਰਲ ਸੁਸਾਇਟੀ ਵੱਲੋਂ ਸ੍ਰ. ਰਾਜਿੰਦਰ ਸਿੰਰ ਰਾਜ ਦੀ ਰਹਿਨਮਈ ਹੇਠ ਇੱਕ ਸੰਗੀਤਕ ਸਮਾਗਮ 'ਮਹਿਫਲ ਏ ਸ਼ਾਮ' ਬੈਨਰ ਹੇਠ ਮਿਸੀਸਾਗਾ ਦੇ ਮਾਜਾ ਥੀਏਟਰ (3650 ਡਿਕਸੀ ਰੋਡ) ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਗਾਇਕੀ ਰਾਹੀਂ ਪੰਜਾਬੀ, ਹਿੰਦੀ ਅਤੇ ਉਰਦੂ ਦਾ ਹਰ ਰੰਗ ਪੇਸ਼ ਕੀਤਾ ਜਾਵੇਗਾ।










ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਚਉਥੀ ਭੇਟਾ ਦਿੰਦਾ ਹੈ ਕਲਜੁਗ ਗੁਰੂ ਨਾਨਕ ਦੇਵ ਜੀ ਨੂੰ



ਕਰਨੈਲ ਸਿੰਘ ਟੋਰਾਂਟੋ
416-746-7642

ਭੇਟਾ ੪. ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੪॥

(ਪੰਨਾ ੧੪) ਅਰਥ:- ਕਲਜੁਗ ਕਿਹਾ ਨਾਨਕ ਜੀ ਤੁਹਾਨੂੰ ਸਾਰੀ ਸ੍ਰਿਸ਼ਟੀ ਦਾ ਰਾਜ ਦੇ ਦਿੰਦਾ ਹਾਂ ਅਤੇ ਬੇਅੰਤ ਲਾ ਲਸਕਰ ਫੌਜਾਂ ਦਿੰਦਾ ਹਾਂ। ਆਪ ਰਾਜ ਸਿੰਘਾਸਣ 'ਤੇ ਬੈਠਕੇ ਚਾਰਾਂ ਕੁੰਟਾਂ ਪੂਰਬ, ਪੱਛਮ, ਉਤਰਿ, ਦੱਖਣ, ਰਾਜ ਕਰੋ ਅਤੇ ਤਖਤ ਤੇ ਬੈਠਕੇ ਹੁਕਮ ਚਲਾਉ। ਗੁਰੂ ਜੀ=ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥

ਗੁਰੂ ਜੀ=ਅਸੀਂ ਮਤੁ= ਕਦੇ ਵੀ ਚਾਰਾਂ ਕੁੰਟਾਂ ਦੇ ਰਾਜ ਭਾਗ ਨੂੰ ਦੇਖਕੇ ਨਹੀਂ ਭੁਲਾਂਗੇ। ਇਹ ਸਭ ਐਸ਼ੋ ਉਸਰਤ ਨਾਮੁ ਤੋਂ ਵਿਸਾਰਦੀ ਹੈ। ਅਸੀਂ ਅੰਗੀਕਾਰ ਨਹੀਂ ਕਰਾਂਗੇ ਤਾਂ ਕਲਜੁਗ ਚਰਨਾਂ 'ਤੇ ਡੰਡੇ ਵਾਂਗ ਲੰਮਾ ਪੇ ਕੇ ਡੰਡਵਤ ਕਰਦਾ ਹੈ। ਮੈਨੂੰ ਖਿਮਾਂ ਬਖਸ਼ੋ ਜੀ। ਸਤਿਗੁਰੂ ਜੀ ਦਿਆਲੂ ਹਨ। ਮਾਫ ਕਰਿ ਦਿਤਾ ਅਤੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਕਿਹਾ ਕਲਯੁਗ ਪਹਿਲਾਂ ਤੂੰ ਹਨੇਰੀ ਚਲਾਕੇ ਅਤੇ ਮੀਂਹ ਵਰਾਕੇ ਸਾਡਾ ਮਰਦਾਨਾ ਡਰਾ ਦਿਤਾ ਸੀ ਅਤੇ ਇਕ ਹੱਥ ਵਿਚ ਜਿਹਵਾ ਫੜੀ ਹੈ ਅਤੇ ਦੂਜੇ ਹੱਥ ਵਿੱਚ ਇੰਦ੍ਰੀ ਫੜਕੇ ਸਾਡੇ ਸਾਮਣੇ ਆਇਆ ਹੈ। ਇਸ ਦਾ ਕੀ ਕਾਰਨ ਹੈ। ਕਲਜੁਗ ਕਿਹਾ ਹੈ ਨਾਨਕ ਜੀ= ਮੇਰੇ ਰਾਜ ਵਿਚ ਸੰਸਾਰੀ ਲੋਕ ਇੰਦ੍ਰੀਆਂ ਦੇ ਭੋਗਾਂ ਪਦਾਰਥਾਂ ਵਿਚ ਮਸਤ ਰਹਿਣਗੇ, ਸਤਿਗੁਰੂ ਜੀ ਕਿਹਾ ਵਿਸਥਾਰ ਨਾਲ ਦੱਸਣਾ ਕਰ।

ਕਲਜੁਗ ਕਿਹਾ

ਮੇਰੇ ਰਾਜ ਦੇ ਇਹ ਲੱਛਣ ਹਨ= ਦੁੱਖ ੧ ਨੀਂਦ ੨ ਪਿਆਸ ੩ ਨਿੰਦਿਆ ੪ ਤ੍ਰਿਸ਼ਨਾ ੫ ਆਲਸ ੬ ਮਸਤੀ ੭ ਫਾਹੀ ਗਲੇ ਦੁਸ਼ਟਟਾ ੮ ਦੁਰਾਚਾਰੀ ੯ ਪਾਪ ਕਰਮ ੧੦ ਚੋਰੀ ੧੧ ਬਖੀਲੀ ੧੨ ਝੂਠ ੧੩। ਇਹਨਾਂ ਬਾਤਾਂ ਕੁਕਰਮਾਂ ਤੋਂ ਕੋਈ ਵਿਰਲਾ ਸੰਤ ਜਨ ਬਚੇਗਾ। ਮੇਰੇ ਰਾਜ ਵਿਚ=ਗੁਣੀਆਂ, ਗਿਆਨੀਆਂ ਦਾ ਨਿਰਾਦਰ ਹੋਵੇਗਾ। ਪੇਟ ਭਰਕੇ ਰੋਟੀ ਅਤੇ ਤਨ ਢਕਣ ਨੂੰ ਬਸਤਰ ਵੀ ਨਹੀਂ ਮਿਲਣਗੇ। ਸੱਚ ਬੋਲਣ ਵਾਲਾ ਮੂਰਖ ਹੋਵੇਗਾ।
ਦੋਹਰਾ॥ ਸ਼ਿਵਜੀ ਪਾਰਵਤੀ ਨੂੰ ਕਹਿੰਦੇ ਐਸਾ ਕਲਜੁਗ ਆਊਗਾ।

ਧਰਮੀ ਪੁਰਖੁ ਮਰਨਗੇ ਭੁਖੇ ਪਾਪੀ ਐਸ਼ ਉਡਾਊਗਾ।

ਤਥਾ:- ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥੧॥

(ਪੰਨਾ ੪੭੦)

ਅਰਥ:- ਕਲਜੁਗ ਦਾ ਰਥੁ ਅਗਨੀ ਦਾ ਹੈ ਜਿਸ ਵਿਚ ਕਲਯੁਗ ਬੈਠਦਾ ਹੈ। ਅਤੇ ਝੂਠ ਉਸਦਾ ਰਥਵਾਹੀ ਹੈ। ਝੂਠ ਬੋਲਣਾ ਪਾਪ ਹੈ ਅਤੇ ਤ੍ਰਿਸ਼ਨਾ ਰੂਪੀ ਅਗਨੀ ਦਾ ਵਹਿਕਾਇਆ ਮਨੁੱਖ ਝੂਠ ਬੋਲਦਾ ਹੈ।

ਤਥਾ:- ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥੧੫੫॥
(ਪੰਨਾ ੧੩੭੨)

ਅਰਥ:- ਕਬੀਰ ਜੀ ਕਥਨ ਕਰਦੇ ਹਨ ਜਿਥੇ ਗਿਆਨ ਹੈ ਉਥੇ ਧਰਮ ਹੈ। ਜਿਥੇ ਕੋਈ ਝੂਠ ਬੋਲਦਾ ਹੈ ਉਸਨੂੰ ਪਾਪ ਲਗਦਾ ਹੈ। ਜੋ ਕੋਈ ਲੋਭ ਕਰਦਾ ਹੈ ਤਾਂ ਉਸ ਦਾ ਕਾਲ ਸਮਝੋ ਜਿਸ ਪੁਰਖ ਨੇ ਖਿਮਾਂ ਧਾਰਨ ਕੀਤੀ ਹੈ, ਉਥੇ ਪ੍ਰਭੂ ਆਪ ਆ ਕੇ ਦਰਸ਼ਨ ਦਿੰਦਾ ਹੈ। ਮਰਦਾਨਾ ਵੀ ਬੋਲਿਆ=ਕਿਹਾ ਕਲਯੁਗ ਤੈਂ ਆਪਣੇ ਉਤੇ ਜੁੱਲੜ ਕਿਉਂ ਲਿਆ ਹੈ, ਇਸਦਾ ਕੀ ਕਾਰਣ ਹੈ। ਕਲਯੁਗ ਕਿਹਾ ਇਹ ਗੋਦੜੀ ਆਲਸ ਦੀ ਹੈ, ਜਿਸ ਵੇਲੇ ਭਜਨ ਸਿਮਰਨ ਕਰਨ ਦਾ ਸਮਾਂ ਹੁੰਦਾ ਹੈ ਭਾਵ ਅੰਮ੍ਰਿਤ ਵੇਲੇ। ਉਸ ਵੇਲੇ ਸਾਰੇ ਸੰਸਾਰੀ ਜੀਵਾਂ ਤੇ ਇਹ ਆਲਸ ਦਾ ਜੁੱਲੜ ਸੁਟ ਦਿੰਦਾ ਹਾਂ। ਆਲਸ ਦਾ ਜੁੱਲੜ ਲੈ ਕੇ ਸਭ ਗੂੜੀ ਨੀਂਦਰੇ ਸਉਂ ਜਾਂਦੇ ਹਨ, ਭਜਨ ਸਿਮਰਨ ਤੋਂ ਬਾਂਝੇ ਰਹਿ ਜਾਂਦੇ ਹਨ। ਮਰਦਾਨੇ ਨੇ ਕਿਹਾ ਕਲਯੁਗਾ ਤੇਰੇ ਇਸ ਜੁੱਲੜ ਵਿਚ ਮੋਰੀਆਂ ਕਿਉਂ ਹਨ। ਕਲਯੁਗ ਕਿਹਾ ਮਰਦਾਨਾ ਇਹ ਜਿਹੜੇ ਤੁਹਾਡੇ ਜੈਸੇ ਸੰਤ ਅੰਮ੍ਰਿਤ ਵੇਲੇ ਉਠਕੇ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਮੇਰੇ ਆਲਸ ਦੇ ਜੁੱਲੜ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਸੰਤਾਂ ਦੇ ਨਾਮੁ ਰੂਪੀ ਤੀਰ ਤਿੱਖੇ ਸਿੱਧੇ ਮੇਰੇ ਜੁੱਲੜ ਵਿਚ ਵਜਦੇ ਹਨ। ਉਹਨਾਂ 'ਤੇ ਮੇਰਾ ਦਾਅ ਪੇਚ ਨਹੀਂ ਚਲਦਾ।
ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥੧॥

(ਪੰਨਾਂ ੩੧੯)

ਸਤਿਗੁਰੂ ਜੀ ਕਿਹਾ ਕਲਯੁਗ ਪ੍ਰਮਾਤਮਾ ਦੇ ਨਾਮੁ ਤੋਂ ਬਿਨਾਂ ਸਭ ਬਿਨਸ ਜਾਣ ਵਾਲਾ ਪਸਾਰਾ ਹੈ। ਅੱਗੇ ਧਰਮ ਰਾਜਾ ਪਾਪੀ ਜੀਵਾਂ ਨੂੰ ਦੰਡ ਦਿੰਦਾ ਹੈ।

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ॥ ਨਾਨਕ ਜਿਉ ਮਥਨਿ ਮਾਧਾਣਿਆਂ ਤਿਉਂ ਮਥੇ ਧ੍ਰਮ ਰਾਇ॥

(ਪੰਨਾ ੧੪੨੫)

ਅਰਥ:- ਉਤੇ ਨਰਕਾਂ ਵਿਚ ਹਾਹ-ਾਕਾਰ ਮਚੀ ਹੋਈ ਹੈ। ਪਾਪੀ ਰੋਂਦੇ ਕੁਰਲਾਂਦੇ ਹਨ। ਜਦੋਂ ਜਮ ਛਾਂਟੇ ਮਾਰਦੇ ਹਨ, ਹਾਏ ਹਾਏ ਪੁਕਾਰਦੇ ਹਨ। ਜਿਵੇਂ ਮਧਾਣੀ ਦੁੱਧ ਨੂੰ ਕੁੱਟ ਕੁੱਟ ਕੇ ਮੱਖਣ ਕੱਢਦੀ ਹੈ। ਧਰਮ ਰਾਜੇ ਦੇ ਹੁਕਮ ਦੁਆਰਾ ਉਸ ਦੀਆਂ ਫੌਜਾਂ ਜਮਦੂਤ ਕੁੱਟ ਕੁੱਟ ਕੇ ਖੂਨ ਨਚੋੜਦੇ ਹਨ ਪਾਪੀਆਂ ਦਾ।

ਵਾਰਾਂ ਤੇ ਵਧੀਕ ਮ: ੪॥ (ਪੰਨਾ ੧੪੨੩)
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰੁ॥

ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹਿ ਹੋਇ ਖੁਆਰੁ॥੨੩॥

ਅਰਥ:- ਸ੍ਰੀ ਗੁਰੂ ਰਾਮ ਦਾਸ ਮਹਾਰਾਜ ਕਥਨ ਕਰਦੇ ਹਨ=ਮਨਮੁਖ ਪੁਰਸ਼ ਜੋ ਵੀ ਕਰਮ ਕਰਦੇ ਹਨ ਉਹ ਥਾਂ ਨਹੀਂ ਪੈਂਦੇ ਭਾਵ ਸਫਲ ਨਹੀਂ ਹੁੰਦੇ। ਪਰਲੋਕ ਸੱਚੀ ਦਰਗਾਹ ਵਿਖੇ ਜਾ ਕੇ ਉਹ ਮਨਮੁਖ ਪੁਰਸ਼ ਖੁਆਰੁ ਹੁੰਦੇ ਹਨ।੨੩॥

ਤਥਾ: ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀਂ ਸਹਿਆ ਜਾਇ॥

ਏਕੁ ਜੁ ਸਾਧੂ ਮੋਹਿ ਮਿਲਿਓ ਤਿਨ੍ਹਿ ਲੀਆ ਅੰਚਲਿ ਲਾਇ॥੭੯॥

(ਪੰਨਾ ੧੩੬੮)
(ਕਲਜੁਗੀ ਜੀਵਾਂ ਦੀਆਂ ਕਰਤੂਤਾਂ)
ਸਲੋਕ ਮ: ੧॥ (ਪੰਨਾ ੧੨੪੨)
ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥

ਅਰਥ:- ਕਲਜੁਗੀ ਜੀਵਾਂ ਦੀ ਮੱਤ ਬੁੱਧ ਕੁਤੇ ਮੁਹੀ=ਅਪਵਿੱਤਰ ਵਾ: ਲੋਭਨ ਹੋ ਰਹੀ ਹੈ। ਪਰਾਇਆ ਹੱਕ ਮੁਰਦਾਰ=ਮੁਰਦੇ ਜੈਸਾ ਖਾਣਾ ਹੈ। ਜਿਵੇਂ ਕੁੱਤਾ ਭੌਂਕਦਾ ਹੈ ਤਿਵੇਂ ਜੀਵ ਰੂਪੀ ਕੁੱਤੇ ਲੋਭੀ ਅਤੇ ਝੂਠੇ ਪੁਰਸ਼ਾਂ ਦਾ ਭੌਂਕਣਾ ਹੈ ਅਤੇ ਧਰਮ ਦਾ ਤਾਂ ਵਿਚਾਰ ਹੀ ਛੱਡ ਗਏ ਹਨ।

ਜਿਨਿ ਜੀਵੰਦਿਆਂ ਪਤਿ ਨਹੀ ਮੁਇਆ ਮੰਦੀ ਸੋਇ॥
ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ॥੧॥

ਅਰਥ:- ਜਿਨ੍ਹਾਂ ਦੀ ਜੀਉਂਦਿਆਂ ਦੀ ਇੱਜ਼ਤ ਪੱਤ ਨਹੀਂ ਹੈ, ਉਨ੍ਹਾਂ ਦੀ ਮਰਿਆਂ ਦੀ ਵੀ ਮੰਦੀ ਸੋਇ=ਸੋਭਾ ਹੋਵੇਗੀ।

ਜੋ ਮੱਥੇ 'ਤੇ ਲੇਖ ਲਿਖਿਆ ਹੈ ਕਰਤਾ ਪੁਰਖ ਨੇ ਜੀਵ ਉਹੀ ਕਰਮ ਕਰਦਾ ਹੈ, ਅਗੇ ਉਸ ਦੇ ਕਰਮਾਂ ਅਨੁਸਾਰ ਫਲ ਨਰਕ ਜਾਂ ਸੁਰਗ ਮਿਲਦਾ ਹੈ।੧॥

ਮ: ੧ ਰੰਨਾ ਹੋਈਆਂ ਬੋਧੀਆਂ ਪੁਰਸ਼ ਹੋਏ ਸਈਆਦ॥
ਸੀਲੁ ਸੰਜਮੁ ਸੁਚ ਭਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥

ਅਰਥ:- ਕਲਜੁਗ ਵਿਚ ਰੰਨਾਂ=ਇਸਤ੍ਰੀਆਂ, ਬੋਧੀਆਂ=ਗਿਆਨ ਦੇਣ ਵਾਲੀਆ ਹੋ ਗਈਆਂ ਹਨ ਅਤੇ ਮਨੁੱਖ ਸਈਅਦ=ਸਰੋਤੇ ਜਾਂ ਮੁਰੀਦ ਹੋ ਗਏ ਹਨ ਸਈਆਦ=ਮੂਰਖ ਵਾ ਸ਼ਿਕਾਰੀ ਹੋ ਗਏ ਹਨ। ਸੀਲ ਸੁਭਾ ਜਾਂ ਸਤ ਰੱਖਣਾ ਪਤੀ ਵਰਤਾ ਧਰਮ ਆਦਿਕ ਸਾਧਨਾਂ ਦੀ ਸੁਚ=ਪਵਿੱਤਰਤਾ ਦੀ ਹਦ ਭੰਨ ਦਿਤੀ ਹੈ। ਅਹਾਜੁ=ਨਾ ਖਾਣੇ ਜੋਗ ਮਾਸ, ਸ਼ਰਾਬ ਆਦਿਕ ਖਾਣਾ, ਖਾਜ਼ ਖਾਂਦੀਆਂ ਹਨ, ਨਾ ਖਾਣੇ ਜੋਗ ਹਰਾਮ ਦਾ ਖਾਣਾ ਖਾਂਦੀਆਂ ਹਨ। ਸ਼ਰਮ ਆਪਣੇ ਘਰ ਵਿਚ ਚਲਾ ਗਿਆ ਹੈ। ਪਤਿ=ਇੱਜ਼ਤ ਵੀ ਨਾਲ ਉਠਕੇ ਚਲੀ ਗਈ ਹੈ। ਸ਼ਰਮ ਦਾ ਆਪਣਾ ਘਰ ਪਰਮੇਸ਼ਰ ਹੈ।

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ॥੨॥
(ਪੰਨਾ ੧੨੪੨)

ਅਰਥ:- ਗੁਰੂ ਜੀ ਕਥਨ ਕਰਦੇ ਹਨ ਇਸ ਕਲਜੁਗ ਵਿਚ ਇਕ ਵਾਹਿਗੁਰੂ ਹੀ ਸੱਚਾ ਹੈ, ਉਸਤੋਂ ਬਿਨਾਂ ਹੋਰ ਕੋਈ ਸੱਚਾ ਨਾ ਭਾਲ ਭਾਵ ਸੱਚਾ ਕੋਈ ਇਸ ਕਲਯੁਗ ਵਿਚ ਦਿਸਦਾ ਨਹੀਂ ਹੈ। ਝੂਠ ਦਾ ਪਸਾਰਾ ਹੈ। ਰੰਨਾਂ ਸ਼ਬਦ ਦੀ ਵਰਤੋਂ ਹਮੇਸ਼ਾ ਤਰਕ ਨਾਲ ਹੀ ਕੀਤੀ ਹੈ। ਸਤਿਗੁਰਾਂ ਨੇ ਪਿਆਰ ਸਤਿਕਾਰ ਨਾਲ ਮਾਈ ਜਾਂ ਭੈਣੇ ਆਦਿ ਦੀ ਵਰਤੋਂ ਕੀਤੀ ਹੈ।
ਤਥਾ: ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ॥

(ਪੰਨਾ ੧੪੧੨)

ਤਥਾ= ਘਰ ਵਿਚਿ ਰੰਨਾ ਕਮਲੀਆਂ ਧੁਸੀ ਲੀਤੀ ਦੇਖਿ ਕੁੰਢਗੈ॥

ਰੰਨਾ ਦੇਖ ਪਿਟਦੀਆਂ ਢਾਹਾਂ ਮਾਰੈ ਹੋਇ ਨਿਸੰਗੈ। ਵਾਰ ੩੨-੨੦

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।

- ਕਰਨੈਲ ਸਿੰਘ ਟੋਰਾਂਟੋ: 416-746-7642

# ਲੋਕ ਨਿੱਤ ਆਵਾਜ਼ ਉਠਾਉਣਗੇ..

## * ਭਾਰਤ ਵਾਸੀਆਂ ਦੇ ਨਾਂ 185 ਹਸਤੀਆਂ ਦੀ ਖੁੱਲ੍ਹੀ ਚਿੱਠੀ

(ਭਾਰਤ ਦੀਆਂ 185 ਸ਼ਖਸੀਅਤਾਂ, ਜਿਨ੍ਹਾਂ ਵਿੱਚ ਅਦਾਕਾਰ ਨਸੀਰੂਦੀਨ ਸ਼ਾਹ, ਡਾਂਸਰ ਮੱਲਿਕਾ ਸਾਰਾਭਾਈ, ਲੇਖਕ ਅਸ਼ੋਕ ਵਾਜਪੇਈ, ਨਯਨਤਾਰਾ ਸਹਿਗਲ ਤੇ ਸ਼ਸ਼ੀ ਦੇਸ਼ਪਾਂਡੇ, ਇਤਿਹਾ-ਸਕਾਰ ਰੋਮਿਲਾ ਥਾਪਰ, ਚਿੱਤਰਕਾਰ ਵਿਵੀਅਨ ਸੁੰਦਰਮ ਆਦਿ ਸ਼ਾਮਲ ਹਨ, ਨੇ ਇਹ ਚਿੱਠੀ ਪ੍ਰਧਾਨ ਮੰਤਰੀ ਨੂੰ ਭੇਜੀ ਹੈ। ਇਸ ਵਿੱਚ ਉਸ ਚਿੱਠੀ ਦੀ ਪੈਰਵੀ ਕੀਤੀ ਗਈ ਹੈ, ਜੋ 49 ਜਣਿਆਂ ਨੇ ਹਜੂਮੀ ਹੱਤਿਆਵਾਂ ਖਿਲਾਫ ਪ੍ਰਧਾਨ ਮੰਤਰੀ ਨੂੰ ਲਿਖੀ ਸੀ। ਇਨ੍ਹਾਂ 49 ਜਣਿਆਂ ਖਿਲਾਫ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ।)

ਸੱਭਿਆਚਾਰਕ ਭਾਈਚਾਰੇ ਦੇ ਸਾਡੇ 49 ਸਾਥੀਆਂ ਉਪਰ ਸਿਰਫ ਇਸ ਲਈ ਐਫ ਆਈ ਆਰ ਦਰਜ ਕਰ ਲਈ ਗਈ ਕਿ ਉਨ੍ਹਾਂ ਨੇ ਸਮਾਜ ਦੇ ਜ਼ਿੰਮੇਵਾਰ ਨਾਗਰਿਕ ਹੋਣ ਦੀ ਮਿਸਾਲ ਪੇਸ਼ ਕੀਤੀ ਸੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਮੁਲਕ ਵਿੱਚ ਹਾਵੀ ਹੋ ਰਹੇ ਭੀੜਤੰਤਰ ਅਤੇ ਮੌਬ ਲਿੰਚਿੰਗ (ਹਜੂਮੀ ਹੱਤਿਆਵਾਂ) ਉਪਰ ਖੁੱਲ੍ਹੀ ਚਿੱਠੀ ਲਿਖੀ ਸੀ।
ਕੀ ਇਹ ਦੇਸ਼ ਧ੍ਰੋਹ ਹੈ? ਕੀ ਇਹ ਅਦਾਲਤਾਂ ਦੀ ਵਰਤੋਂ ਕਰਕੇ ਮੁਲਕ ਦੇ ਨਾਗਰਿਕਾਂ ਦੀ ਜ਼ਿੰਮੇਵਾਰ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਨਹੀਂ ਹੈ?
ਅਸੀਂ ਸਾਰੇ ਜੋ ਭਾਰਤੀ ਸੱਭਿਆਚਾਰਕ ਭਾਈਚਾਰੇ ਦਾ ਹਿੱਸਾ ਹਾਂ, ਸੂਝਵਾਨ ਨਾਗਰਿਕ ਹੋਣ ਦੇ ਨਾਤੇ ਇਸ ਦੀ ਸਖਤ ਨਿੰਦਾ ਕਰਦੇ ਹਾਂ। ਅਸੀਂ ਆਪਣੇ ਸਾਥੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਦੇ ਹਰ ਸ਼ਬਦ ਦੀ ਹਮਾਇਤ ਕਰਦੇ ਹੋਏ ਅਸੀਂ ਸੱਭਿਆਚਾਰਕ, ਵਿਦਿਅਕ ਅਤੇ ਕਾਨੂੰਨੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਨੂੰ ਅੱਗੇ ਲੈ ਕੇ ਜਾਣ। ਸਾਡੇ ਵਰਗੇ ਅਨੇਕ ਲੋਕ ਰੋਜ਼ਾਨਾ ਆਵਾਜ਼ ਉਠਾਉਣਗੇ, ਮੌਬ ਲਿੰਚਿੰਗ ਦੇ ਖਿਲਾਫ, ਜਮਹੂਰੀ ਮੁਖਾਲਫਤ ਉੱਪਰ ਹਮਲੇ ਦੇ ਖਿਲਾਫ, ਦਮਨ ਲਈ ਅਦਾਲਤ ਦੇ ਇਸਤੇਮਾਲ ਦੇ ਖਿਲਾਫ, ਕਿਉਂਕਿ ਆਵਾਜ਼ ਉਠਾਉਣਾ ਜ਼ਰੂਰੀ ਹੈ।
ਅਸੀਂ, ਇਸ ਮੁਲਕ ਦੇ ਸ਼ਾਂਤੀ ਪਸੰਦ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਮੁਲਕ ਵਿੱਚ ਵਾਪਰ ਰਹੀਆਂ ਅਣਮਨੁੱਖੀ ਅਤੇ ਦੁਖਦਾਈ ਘਟਨਾਵਾਂ ਤੋਂ ਸਦਮੇ ਵਿੱਚ ਹਾਂ।
ਸਾਡਾ ਸੰਵਿਧਾਨ ਭਾਰਤ ਨੂੰ ਸੰਪੂਰਨ ਪ੍ਰਭੂਸੱਤਾ ਸੰਪਨ, ਸਮਾਜਵਾਦੀ, ਧਰਮ ਨਿਰਪੇਖ ਲੋਕਤੰਤਰੀ ਗਣਰਾਜ ਦੇ ਰੂਪ ਵਿੱਚ ਪੇਸ਼ ਕਰਦਾ ਹੈ ਜਿੱਥੇ ਹਰ ਜਾਤੀ, ਵਰਣ, ਧਰਮ ਅਤੇ ਲਿੰਗ ਦੇ ਲੋਕ ਬਰਾਬਰ ਹਨ, ਤਾਂ ਕਿ ਹਰ ਨਾਗਰਿਕ ਸੰਵਿਧਾਨ ਦੁਆਰਾ ਦਿੱਤੇ ਗਏ ਅਧਿਕਾਰਾਂ ਦਾ ਫਾਇਦਾ ਉਠਾ ਸਕੇ। ਅਸੀਂ ਬੇਨਤੀ ਕਰਦੇ ਹਾਂ ਕਿ.
1) ਮੁਸਲਮਾਨਾਂ, ਦਲਿਤਾਂ ਤੇ ਹੋਰ ਘੱਟ ਗਿਣਤੀਆਂ ਦੀ ਲਿੰਚਿੰਗ ਉਪਰ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐਨ ਸੀ ਆਰ ਬੀ) ਦੀਆਂ ਰਿਪੋਰਟਾਂ ਮੁਤਾਬਕ 2016 ਵਿੱਚ ਦਲਿਤਾਂ ਖਿਲਾਫ ਜਬਰ ਦੀਆਂ 840 ਘਟਨਾਵਾਂ ਹੋਈਆਂ ਲੇਕਿਨ ਇਨ੍ਹਾਂ ਮਾਮਲਿਆਂ ਦੇ ਦੋਸ਼ੀਆਂ ਨੂੰ ਮਿਲਣ ਵਾਲੀ ਸਜ਼ਾ ਦੀ ਫੀਸਦੀ ਵਿੱਚ ਕਮੀ ਆਈ ਹੈ। ਪਹਿਲੀ ਜਨਵਰੀ 2009 ਤੋਂ 29 ਅਕਤੂਬਰ 2018 ਤੱਕ ਧਾਰਮਿਕ ਪਛਾਣ ਦੇ ਆਧਾਰ 'ਤੇ 254 ਘਟਨਾਵਾਂ ਹੋਈਆਂ। ਇਸ ਵਿੱਚ 91 ਲੋਕਾਂ ਦੀ ਮੌਤ ਹੋਈ ਜਦ ਕਿ 579 ਲੋਕ ਜ਼ਖਮੀ ਹੋਏ। ਮੁਸਲਮਾਨਾਂ (ਜੋ ਕੁਲ ਆਬਾਦੀ ਦਾ 14 ਫੀਸਦੀ ਹਨ) ਖਿਲਾਫ 62 ਫੀਸਦੀ ਮਾਮਲੇ, ਇਸਾਈਆਂ (ਜੋ ਕੁਲ ਆਬਾਦੀ ਦੇ 2 ਫੀਸਦੀ ਹਨ) ਖਿਲਾਫ 14 ਫੀਸਦੀ ਮਾਮਲੇ ਦਰਜ ਕੀਤੇ ਗਏ। ਮਈ 2014 ਤੋਂ ਲੈ ਕੇ ਜਦੋਂ ਤੋਂ ਤੁਹਾਡੀ ਸਰਕਾਰ ਸੱਤਾ ਵਿੱਚ ਆਈ ਹੈ, ਇਨ੍ਹਾਂ ਖਿਲਾਫ ਹਮਲਿਆਂ ਦੇ 90 ਫੀਸਦੀ ਮਾਮਲੇ ਦਰਜ ਹੋਏ।
ਪ੍ਰਧਾਨ ਮੰਤਰੀ ਜੀ, ਤੁਸੀਂ ਹਜੂਮੀ ਹੱਤਿਆ ਦਾ ਸੰਸਦ ਵਿੱਚ ਖੰਡਨ ਕੀਤਾ ਹੈ ਪਰ ਇਹ ਕਾਫੀ ਨਹੀਂ ਹੈ। ਇਨ੍ਹਾਂ ਮੁਜਰਿਮਾਂ ਦੇ ਖਿਲਾਫ ਕੀ ਕਦਮ ਚੁੱਕੇ ਗਏ ਹਨ? ਸਾਨੂੰ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਗੈਰ ਜ਼ਮਾਨਤੀ ਜੁਰਮ ਕਰਾਰ ਦਿੰਦੇ ਹੋਏ ਤੁਰੰਤ ਮਿਸਾਲੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ। ਜੇ ਕਤਲ ਦੇ ਮਾਮਲੇ ਵਿੱਚ ਬਿਨਾ ਪੈਰੋਲ ਦੇ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ ਤਾਂ ਫਿਰ ਹਜੂਮੀ ਹੱਤਿਆ ਲਈ ਕਿਉਂ ਨਹੀਂ? ਇਹ ਤਾਂ ਹੋਰ ਵੀ ਘਿਨਾਉਣਾ ਜੁਰਮ ਹੈ। ਕੋਈ ਵੀ ਨਾਗਰਿਕ ਆਪਣੇ ਹੀ ਮੁਲਕ ਵਿੱਚ ਸਹਿਮ ਦੇ ਸਾਏ ਹੇਠ ਕਿਉਂ ਜੀਵੇ।
ਇਨ੍ਹਾਂ ਦਿਨਾਂ ਵਿੱਚ 'ਜੈ ਸ੍ਰੀਰਾਮ' ਹਿੰਸਾ ਭੜਕਾਉਣ ਦਾ 'ਜੰਗੀ ਨਾਅਰਾ' ਬਣ ਗਿਆ ਹੈ। ਇਸ ਨਾਲ ਅਮਨ ਕਾਨੂੰਨ ਦੀ ਸਮੱਸਿਆ ਬਣ ਰਹੀ ਹੈ ਅਤੇ ਇਸ ਨਾਂ ਉਪਰ ਹਜੂਮੀ ਹੱਤਿਆਵਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ। ਇਹ ਦੁਖਦਾਈ ਅਤੇ ਹੈਰਾਨੀ ਜਨਕ ਵੀ ਹੈ ਕਿ ਧਰਮ ਦੇ ਨਾਂ ਉਪਰ ਇੰਨੀਆਂ ਹਿੰਸਕ ਘਟਨਾਵਾਂ ਹੋ ਰਹੀਆਂ ਹਨ। ਅਸੀਂ ਮੱਧ ਯੁਗ ਵਿੱਚ ਨਹੀਂ ਜੀਅ ਰਹੇ। ਰਾਮ ਦਾ ਨਾਂ ਇਸ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਅਨੇਕਾਂ ਲੋਕਾਂ ਦੇ ਲਈ ਪੂਜਨੀਕ ਹੈ। ਇਸ ਦੇਸ਼ ਦੀ ਸਰਵ ਉਚ ਕਾਰਜ ਪਾਲਿਕਾ ਹੋਣ ਦੇ ਨਾਤੇ, ਰਾਮ ਦੇ ਨਾਂ ਦੀ ਇਸ ਗਲਤ ਵਰਤੋਂ ਉਪਰ ਤੁਹਨੂੰ ਤੁਰੰਤ ਰੋਕ ਲਗਾਉਣੀ ਚਾਹੀਦੀ ਹੈ।
2) ਜਮਹੂਰੀ ਮੁਖਾਲਫਤ ਤੋਂ ਬਿਨਾ ਕੋਈ ਲੋਕਤੰਤਰ ਨਹੀਂ ਹੋ ਸਕਦਾ। ਸਰਕਾਰ ਦੇ ਵਿਰੋਧ ਦੇ ਨਾਂ ਉਪਰ ਲੋਕਾਂ ਨੂੰ 'ਰਾਸ਼ਟਰ ਵਿਰੋਧੀ' ਜਾਂ 'ਸ਼ਹਿਰੀ ਨਕਸਲੀ' ਨਹੀਂ ਕਿਹਾ ਜਾਣਾ ਚਾਹੀਦਾ ਅਤੇ ਨਾ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸਾੜਿਆ ਜਾਣਾ ਚਾਹੀਦਾ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 19 ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆਂ ਕਰਦੀ ਹੈ। ਅਸਹਿਮਤੀ ਜ਼ਾਹਰ ਕਰਨਾ ਇਸ ਦਾ ਹੀ ਇੱਕ ਹਿੱਸਾ ਹੈ।
ਸੱਤਾਧਾਰੀ ਪਾਰਟੀ ਦੀ ਆਲੋਚਨਾ ਦੇਸ਼ ਦੀ ਆਲੋਚਨਾ ਨਹੀਂ। ਕੋਈ ਵੀ ਸੱਤਾਧਾਰੀ ਪਾਰਟੀ ਦੇਸ਼ ਦੀ ਸਮਾਨਾਰਥੀ ਨਹੀਂ ਹੋ ਸਕਦੀ। ਉਹ ਦੇਸ਼ ਦੀਆਂ ਹੋਰ ਸਿਆਸੀ ਪਾਰਟੀਆਂ ਵਿੱਚੋਂ ਇੱਕ ਹੈ। ਇਸ ਲਈ ਸਰਕਾਰ ਦੇ ਵਿਰੋਧ ਨੂੰ ਦੇਸ਼ ਧ੍ਰੋਹ ਨਹੀਂ ਮੰਨਿਆ ਜਾ ਸਕਦਾ। ਅਜਿਹਾ ਸਮਾਜ, ਜਿੱਥੇ ਜਮਹੂਰੀ ਮੁਖਾਲਫਤ ਨੂੰ ਕੁਚਲਿਆ ਨਾ ਜਾਵੇ, ਹੀ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਵਿੱਚ ਸਹਾਇਕ ਹੁੰਦਾ ਹੈ।
ਸਾਨੂੰ ਉਮੀਦ ਹੈ ਕਿ ਸਾਡੇ ਸੁਝਾਅ ਨੂੰ ਸਹੀ ਅਰਥਾਂ ਵਿੱਚ ਲਿਆ ਜਾਵੇਗਾ। ਇਸ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਅਸੀਂ ਇਸ ਦੇਸ਼ ਦੇ ਭਵਿੱਖ ਨੂੰ ਲੈ ਕੇ ਫਿਕਰਮੰਦ ਅਤੇ ਪ੍ਰੇਸ਼ਾਨ ਹਾਂ। ...(185 ਸ਼ਖਸੀਅਤਾਂ ਦੇ ਦਸਤਖਤ)/7 ਅਕਤੂਬਰ 2019



# ਸਿੱਖੀ ਦਾ ਵਿਰਸਾ, ਗੌਰਵ ਅਤੇ ਉਸਦੀ ਪ੍ਰਾਪਤੀ



ਜਸਵੰਤ ਸਿੰਘ 'ਅਜੀਤ'

ਸਿੱਖੀ ਨੂੰ ਲਗ ਰਹੀ ਢਾਹ ਦੇ ਸਬੰਧ ਵਿਚ ਆਮ ਤੋਰ ਤੇ ਬਹੁਤ ਹੀ ਚਿੰਤਾ ਪ੍ਰਗਟ ਕੀਤੀ ਜਾਂਦੀ ਰਹਿੰਦੀ ਹੈ। ਲਗ ਰਹੀ ਢਾਹ ਨੂੰ ਠਲ੍ਹ ਪਾਣ ਅਤੇ ਲਗ ਚੁਕੀ ਢਾਹ ਵਿਚੋਂ ਉਭਰਨ ਲਈ ਸਮੇਂ-ਸਮੇਂ ਗੰਭੀਰ ਵਿਚਾਰ-ਵਟਾਂਦਰੇ ਵੀ ਕੀਤੇ ਜਾਂਦੇ ਰਹਿੰਦੇ ਹਨ। ਇਨ੍ਹਾਂ ਵਿਚਾਰ-ਵਟਾਂਦਰਿਆਂ ਦੌਰਾਨ ਰਾਹ ਵੀ ਤਲਾਸ਼ੇ ਜਾਂਦੇ ਹਨ ਤੇ ਸਾਧਨ ਵੀ। ਫਿਰ ਵੀ ਗਲ ਅਗੇ ਨਹੀਂ ਵਧ ਪਾਂਦੀ। ਕਾਰਣ ਇਹ ਹੈ ਕਿ ਜੋ ਰਾਹ ਤਲਾਸ਼ੇ ਗਏ ਹੁੰਦੇ ਹਨ ਅਤੇ ਸਾਧਨ ਵਰਤੇ ਜਾਣੇ ਹੁੰਦੇ ਹਨ, ਉਹ ਧਾਰਮਕ ਸੰਸਥਾਵਾਂ ਦੇ ਮੁੱਖੀਆਂ ਨੂੰ ਅਸਾਨ ਨਹੀਂ ਜਾਪਦੇ। ਇਨ੍ਹਾਂ ਦੇ ਮੁਕਾਬਲੇ ਉਨ੍ਹਾਂ ਨੂੰ ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਕਰਵਾਉਣੇ ਹੀ ਅਸਾਨ ਜਾਪਦੇ ਹਨ।

ਇਸ ਗਲ ਦੀ ਕਦੀ ਵੀ ਘੋਖ ਨਹੀਂ ਕੀਤੀ ਜਾਂਦੀ ਕਿ ਇਨ੍ਹਾਂ, ਕੀਰਤਨ ਦਰਬਾਰਾਂ ਅਤੇ ਗੁਰਮਤਿ ਸਮਾਗਮਾਂ ਵਿਚ ਉਹ ਨੌਜਵਾਨ ਤਾਂ ਆਉਂਦੇ ਹੀ ਨਹੀਂ ਜੋ ਸਿੱਖੀ ਵਿਰਸੇ ਨਾਲੋਂ ਟੁੱਟ ਚੁਕੇ ਹੁੰਦੇ ਹਨ ਅਤੇ ਰੋਜ਼ ਦਿਨ ਪੈਦਾ ਕੀਤੇ ਜਾ ਰਹੇ ਵਿਵਾਦਾਂ ਕਾਰਣ ਉਪਰਾਮ ਹੋ ਵਿਰਸੇ ਨਾਲੋਂ ਟੁੱਟਣ ਦੀ ਤਿਆਰੀ ਕਰ ਰਹੇ ਹੁੰਦੇ ਹਨ। ਜੋ ਇਨ੍ਹਾਂ ਸਮਾਗਮਾਂ ਵਿਚ ਆਉਂਦੇ ਵੀ ਹਨ, ਉਨ੍ਹਾਂ ਨੂੰ ਇਨ੍ਹਾਂ ਸਮਾਗਮਾਂ ਵਿਚ ਵਿਦਵਾਨਾਂ ਤੇ ਬੁਧੀਜੀਵੀਆਂ ਦੇ 'ਉੱਚ-ਪਧਰੀ' ਭਾਸ਼ਣ ਸਮਝ ਹੀ ਨਹੀਂ ਆਉਂਦੇ ਅਤੇ ਰਾਜਸੀ ਭਾਸਣ ਤਾਂ ਉਨ੍ਹਾਂ ਲਈ ਪਹਿਲਾਂ ਤੋਂ ਹੀ ਦੁਬਿੱਧਾ ਦਾ ਕਾਰਣ ਬਣੇ ਚਲੇ ਆ ਰਹੇ ਹੁੰਦੇ ਹਨ।

ਆਮ ਤੋਰ ਤੇ ਅਜਿਹੇ ਸਮਾਗਮਾਂ ਵਿਚ ਜੇ ਕੋਈ ਧਰਮ ਦੀ ਗਲ ਕੀਤੀ ਵੀ ਜਾਂਦੀ ਹੈ, ਤਾਂ ਉਸ ਵਿਚ ਵੀ ਸਿੱਖ ਆਗੂਆਂ, ਧਾਰਮਕ ਮੁੱਖੀਆਂ ਅਤੇ ਪ੍ਰਚਾਰਕਾਂ ਵਲੋਂ ਇਸੇ ਗਲ ਤੇ ਜ਼ੋਰ ਦਿਤਾ ਜਾਂਦਾ ਹੈ ਕਿ ਹਰ ਸਿੱਖ ਲਈ ਦਸਮੇਸ਼ ਪਿਤਾ ਦੀ ਦਾਤ, ਅੰਮ੍ਰਿਤ, ਛਕਣਾ ਬਹੁਤ ਜ਼ਰੂਰੀ ਹੈ। ਜੋ ਅੰਮ੍ਰਿਤ ਨਹੀਂ ਛਕਦਾ ਉਹ ਸਿੱਖ ਨਹੀਂ ਹੋ ਸਕਦਾ। ਇਸਦੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਦਾ ਆਦੇਸ਼ ਦਿਤਾ ਹੈ, ਇਸ ਕਰ ਕੇ ਇਸ ਪੁਰ ਕਿੰਤੂ ਨਹੀਂ ਕੀਤਾ ਜਾ ਸਕਦਾ।

ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਨਹੀਂ ਸੀ ਕੀਤੀ, ਸਗੋਂ ਉਨ੍ਹਾਂ ਨੇ ਤਾਂ ਉਸ ਪੰਥ ਦੀ ਸਿਰਜਣਾ ਨੂੰ ਸੰਪੂਰਨ ਕੀਤਾ ਸੀ, ਜਿਸਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ ਅਤੇ ਜਿਸਦੀ ਉਸਾਰੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀਆਂ ਅੱਠ ਜੋਤਾਂ ਨੇ ਯੋਗਦਾਨ ਪਾਇਆ ਸੀ। ਇਸਤਰ੍ਹਾਂ ਤਕਰੀਬਨ ਦੋ ਸੌ ਤੀਹ ਵਰ੍ਹਿਆਂ ਦੀ ਘਾਲਣਾ ਤੋਂ ਬਾਅਦ ਹੀ ਖਾਲਸਾ ਪੰਥ (ਸੰਤ-ਸਿਪਾਹੀ) ਦੀ ਸਿਰਜਣਾ ਸੰਪੂਰਣ ਹੋਈ ਸੀ। ਉਹ ਵੀ ਐਂਵੇ ਹੀ ਨਹੀਂ ਹੋ ਗਈ। ਇਸਨੂੰ ਸੰਪੂਰਨ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਾਂ ਦੀ ਭੇਂਟ ਲਈ ਸੀ। ਇਹ ਗਲ ਵੀ ਯਾਦ ਰਖਣ ਵਾਲੀ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਨੀਂਹ ਰਖਦਿਆਂ ਹੀ ਇਹ ਸਪਸ਼ਟ ਕਰ ਦਿਤਾ ਸੀ ਕਿ ਇਹ ਮਾਰਗ ਬਹੁਤ ਕਠਨ ਹੈ : 'ਇਤੁ ਮਾਰਗ ਪੈਰ ਧਰੀਜੇ ਸਿਰ ਦੀਜੈ ਕਾਣ ਨਾ ਕਜਿੈ'। ਇਸ ਤਰ੍ਹਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਸਪਸ਼ਟ ਕਰ ਦਿਤਾ ਸੀ ਕਿ ਸਿੱਖੀ ਵਿਚ 'ਸਿਰ ਭੇਂਟ' ਪਹਿਲੀ ਸ਼ਰਤ ਹੈ। ਇਸੇ ਸ਼ਰਤ ਦੇ ਆਧਾਰ ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੀਖਿਆ ਲੈ ਕੇ ਸਿੱਖੀ ਦੇ ਮਹਿਲ ਦੀ ਸਿਰਜਣਾ ਨੂੰ ਸੰਪੂਰਨਤਾ ਦਿਤੀ।

ਸਿਖੀ ਦਾ ਨਿਸ਼ਾਨਾ ਰਾਜਸੱਤਾ ਨਹੀਂ : ਇਤਿਹਾਸ ਗੁਆਹ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਨਾ ਤਾਂ ਗੁਰੂ ਸਾਹਿਬ ਕੋਲ ਅਤੇ ਨਾ ਹੀ ਉਨ੍ਹਾਂ ਦੇ ਸਿੱਖਾਂ ਪਾਸ ਕੋਈ ਰਾਜਸੱਤਾ ਸੀ। ਜਿਸ ਸਮੇਂ ਸਿੱਖ ਸੰਘਰਸ਼ ਦੇ ਦੌਰ ਵਿਚੋਂ ਗੁਜ਼ਰ ਰਹੇ ਸਨ, ਉਸ ਸਮੇਂ ਸਿੱਖੀ ਮਜ਼ਬੂਤ ਸੀ, ਜਿਸਦੇ ਸਹਾਰੇ ਸਿੱਖ ਜਬਰ-ਜ਼ੁਲਮ ਦਾ ਨਾਸ਼ ਕਰਨ ਪ੍ਰਤੀ ਦ੍ਰਿੜ੍ਹ ਸੰਕਲਪ ਨਾਲ ਜੁਟੇ ਹੋਏ ਸਨ। ਇਹ ਮੰਨਿਆ ਜਾਂਦਾ ਹੈ ਕਿ ਰਾਜਸੱਤਾ ਅਤੇ ਸਿੱਖਾਂ ਵਿਚਕਾਰ ਕਦੀ ਵੀ ਤਾਲਮੇਲ ਨਹੀਂ ਬੈਠ ਸਕਿਆ। ਇਸਦਾ ਕਾਰਣ ਇਹ ਹੈ ਕਿ ਜਿਥੇ ਰਾਜਸੱਤਾ ਜਬਰ ਤੇ ਜ਼ੁਲਮ ਦਾ ਸਹਾਰਾ ਲਏ ਬਿਨਾਂ ਨਾ ਤਾਂ ਕਾਇਮ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਸਤੋਂ ਬਿਨਾਂ ਕਾਇਮ ਹੀ ਰਖੀ ਜਾ ਸਕਦੀ ਹੈ, ਉਥੇ ਹੀ ਸਿੱਖ ਸੁਭਾਉ ਤੋਂ ਹੀ ਵਿਦਰੋਹੀ ਹੈ, ਉਹ ਸੌੜੀ ਧਾਰਮਕ ਸੋਚ, ਕਰਮ-ਕਾਂਡਾਂ, ਪਖੰਡਾਂ ਅਤੇ ਜਬਰ-ਜ਼ੁਲਮ ਦੇ ਵਿਰੁਧ ਜੂਝਦਾ ਆਇਆ ਹੈ। ਸਿੱਖ ਮਾਨਤਾਵਾਂ ਅਨੁਸਾਰ ਰਾਜਸੱਤਾ ਨੇ ਸਦਾ ਹੀ ਸਿੱਖੀ ਨੂੰ ਨੁਕਸਾਨ ਪਹੁੰਚਾਇਆ ਹੈ।

ਕਈ ਸਿੱਖ ਵਿਦਵਾਨਾਂ ਵਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ। ਪਰ ਉਹ ਇਸ ਗਲ ਨੂੰ ਨਜ਼ਰ-ਅੰਦਾਜ਼ ਕਰ ਜਾਂਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਿਤਾਰਾ ਡੁਬਦਿਆਂ ਹੀ ਉਹ ਸਾਰੇ ਲੋਕੀ, ਜੋ ਰਾਜਸੱਤਾ ਦਾ ਸੁਖ ਮਾਨਣ ਲਈ ਸਿੱਖੀ ਸਰੂਪ ਦੇ ਧਾਰਣੀ ਬਣੇ ਸਨ, ਸਿੱਖੀ ਸਰੂਪ ਨੂੰ ਤਿਲਾਂਜਲੀ ਦੇ ਗਏ ਅਤੇ ਸਿੱਖਾਂ ਦੀ ਗਿਣਤੀ ਤਕਰੀਬਨ ਪੰਜ ਹਜ਼ਾਰ ਹੀ ਰਹਿ ਗਈ ਸੀ।

ਆਜ਼ਾਦੀ ਤੋਂ ਬਾਅਦ ਕਈ ਵਾਰ ਅਕਾਲੀ ਸੱਤਾ ਵਿਚ ਆਏ। ਉਨ੍ਹਾਂ ਨੇ ਸਿੱਖਾਂ ਪਾਸੋਂ ਰਾਜ-ਭਾਗ ਦੀ ਮੰਗ ਕਰਦਿਆਂ ਉਨ੍ਹਾਂ ਵਿਚ ਇਹ ਭਰਮ ਪੈਦਾ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ ਕਿ 'ਰਾਜ ਬਿਨਾਂ ਨਹਿ ਧਰਮ ਚਲੈ ਹੈਂ", ਪਰ ਹਾਲਾਤ ਗੁਆਹ ਹਨ ਕਿ ਕਿਸੇ ਵੀ ਸਮੇਂ ਰਾਜ-ਸੱਤਾ ਧਰਮ ਦੀ ਰਖਿਆ ਨਹੀਂ ਕਰ ਸਕੀ। ਜੇ ਰਾਜ-ਸੱਤਾ ਧਰਮ ਦੀ ਰਖਿਆ ਕਰ ਸਕਦੀ ਤਾਂ ਅਜ ਪੰਜਾਬ ਦਾ ਅੱਸੀ ਪ੍ਰਤੀਸ਼ਤ ਨੌਜਵਾਨ ਸਿੱਖੀ ਵਿਰਸੇ ਨਾਲੋਂ ਟੁੱਟ ਨਾ ਗਿਆ ਹੁੰਦਾ। ਇਨ੍ਹਾਂ ਹਾਲਾਤ ਵਿਚ ਇਹ ਗਲ ਸਵੀਕਾਰ ਕਰਨੀ ਹੀ ਹੋਵੇਗੀ ਕਿ ਸਿਖ ਧਰਮ ਦੀਆਂ ਮਾਨਤਾਵਾਂ ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਤਾਂ ਹੀ ਸੰਭਵ ਹੈ, ਜੇ ਉਹ ਰਾਜ-ਸੱਤਾ ਦੇ ਪ੍ਰਭਾਵ ਤੋਂ ਮੁਕਤ ਹੋਣ।

ਪੰਥ ਵਿਚ ਢਹਿੰਦੀ-ਕਲਾ : ਇਕ ਦਿਨ ਅਚਾਨਕ ਗ਼ੈਰ-ਰਾਜਨੀਤਕ ਸਿੱਖਾਂ ਦੀ ਇਕ ਅਜਿਹੀ ਬੈਠਕ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜਿਸ ਵਿਚ 'ਸਿੱਖੀ ਵਿਚ ਆ ਰਹੇ ਨਿਘਾਰ ਅਤੇ ਸਿੱਖਾਂ ਵਿਚ ਆ ਰਹੀ ਢਹਿੰਦੀ ਕਲਾ' ਵਿਸ਼ੇ ਪੁਰ ਵਿਚਾਰ-ਚਰਚਾ ਕੀਤੀ ਜਾ ਰਹੀ ਸੀ। ਬੈਠਕ ਵਿਚ ਜੋ ਵਿਚਾਰ ਪ੍ਰਗਟ ਕੀਤੇ ਜਾ ਰਹੇ ਸਨ, ਉਹ ਸੁਣ ਕੇ ਹੈਰਾਨੀ ਹੋ ਰਹੀ ਸੀ ਕਿ ਇਤਨੇ ਡੂੰਘੇ ਅਤੇ ਪ੍ਰਭਾਵਸ਼ਾਲੀ ਵਿਚਾਰ, ਉਨ੍ਹਾਂ ਸਜਣਾਂ ਵਲੋਂ ਪ੍ਰਗਟ ਕੀਤੇ ਜਾ ਰਹੇ ਸਨ, ਜਿਨ੍ਹਾਂ ਦਾ ਨਾਂਅ ਨਾ ਤਾਂ ਕਦੀ ਕਿਸੇ ਚਰਚਾ ਵਿਚ ਸੁਣਿਆ ਗਿਆ ਸੀ ਅਤੇ ਨਾ ਹੀ ਮੀਡੀਆ ਵਿਚ ਵੇਖਣ ਜਾਂ ਪੜ੍ਹਨ ਨੂੰ ਮਿਲਿਆ ਸੀ।

ਇਕ ਸਜਣ ਕਹਿ ਰਿਹਾ ਸੀ ਕਿ ਅਜ ਸਿੱਖੀ ਵਿਚ ਜੋ ਨਿਘਾਰ ਅਤੇ ਸਿੱਖਾਂ ਵਿੱਚ ਢਹਿੰਦੀ ਕਲਾ ਦੀ ਜੋ ਦਸ਼ਾ ਵੇਖਣ ਨੂੰ ਮਿਲ ਰਹੀ ਹੈ, ਉਹ ਕੁਝ ਦਿਨਾਂ, ਹਫਤਿਆਂ, ਮਹੀਨਿਆਂ ਜਾਂ ਵਰ੍ਹਿਆਂ ਵਿਚ ਹੀ ਨਹੀਂ ਆਈ, ਸਗੋਂ ਇਹ ਬਹੁਤ ਹੀ ਲੰਮਾਂ ਪੈਂਡਾ ਤਹਿ ਕਰ ਕੇ ਆਈ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਸ਼ਕਤੀ ਨੂੰ ਭਗਤੀ, ਅਰਥਾਤ ਧਰਮ, ਦੇ ਅਧੀਨ ਰਖ ਕੇ ਵਰਤਿਆ ਜਾਂਦਾ ਚਲਿਆ ਆਉਂਦਾ ਰਿਹਾ, ਓਦੋਂ ਤਕ ਸਭ ਕੁਝ ਠੀਕ-ਠਾਕ ਚਲਦਾ ਰਿਹਾ। ਪ੍ਰੰਤੂ ਜਦੋਂ ਭਗਤੀ (ਧਰਮ) ਨੂੰ ਸ਼ਕਤੀ, ਜਿਸਨੂੰ ਅਜਕਲ ਰਾਜਨੀਤੀ ਕਿਹਾ ਜਾਣ ਲਗ ਪਿਆ ਹੈ, ਦੇ ਅਧੀਨ ਕਰਕੇ, ਉਸਦੀ ਵਰਤੋਂ ਸੱਤਾ ਹਾਸਲ ਕਰਨ ਲਈ ਕੀਤੀ ਜਾਣ ਲਗੀ, ਓਦੋਂ ਤੋਂ ਹੀ ਸਥਿਤੀ ਬਦਲਣੀ ਸ਼ੁਰੂ ਹੋ ਗਈ।

ਉਨ੍ਹਾਂ ਦਸਿਆ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਸਥਾਪਨਾ ਦਾ ਜ਼ਿਕਰ ਕਰਦਿਆਂ ਇਕ ਥਾਂ ਲਿਖਿਆ ਹੈ ਕਿ 'ਹਰਿਮੰਦਿਰ ਦੀਆਂ ਨੀਹਾਂ ਪ੍ਰੇਮ, ਸ਼ਰਧਾ ਅਤੇ ਸੰਤੋਖ 'ਤੇ ਰਖੀਆਂ ਗਈਆਂ ਸਨ। ਗਵਾਹੀ ਹੈ ਕਿ 'ਸੰਤੋਖਸਰ' ਦੀ ਗ਼ਾਰ, ਹਰਿਮੰਦਿਰ ਸਾਹਿਬ ਦੀਆਂ ਨੀਹਾਂ ਹੇਠ ਪਾਈ ਗਈ ਸੀ। ਹਰਿਮੰਦਿਰ ਸਾਹਿਬ ਦੇ ਚਾਰ ਦਰਵਾਜ਼ੇ ਹਨ, ਜੋ ਪ੍ਰਤੀਕ ਹਨ ਮਨੁੱਖੀ ਏਕਤਾ ਦੇ, ਚਾਰ ਵਰਨਾਂ ਦੇ, ਹਰ ਪ੍ਰਕਾਰ ਦੇ ਰੰਗ ਦੇ, ਚਾਰ ਚਕਾਂ ਦੇ, ਚਾਰ ਮੁਕਤੀਆਂ ਦੇ ਅਤੇ ਚਾਰ ਆਸ਼ਰਮਾਂ ਦੇ। ਇਹ ਦਰਵਾਜ਼ੇ ਕਿਸੇ ਖਾਸ ਕੂੰਟ ਵਿਚ ਨਹੀਂ। ਦੋ-ਦੋ (ਪੂਰਬ-ਦੱਖਣ, ਦੱਖਣ-ਪੱਛਮ, ਪੱਛਮ-ਉੱਤਰ ਅਤੇ ਉੱਤਰ-ਪੂਰਬ) ਕੂੰਟਾਂ ਵਿਚਕਾਰ ਇੱਕ-ਇੱਕ ਦਰਵਾਜ਼ਾ ਹੈ। ਇਸ ਤਰ੍ਹਾਂ ਦਿਸ਼ਾਵਾਂ ਦਾ ਵਿਵਾਦ ਵੀ ਸ੍ਰੀ ਹਰਿਮੰਦਿਰ ਸਾਹਿਬ ਨੇ ਮੁਕਾ ਦਿੱਤਾ। ਹਰਿਮੰਦਿਰ ਸਾਹਿਬ ਨੂੰ ਨੀਵੀਂ ਥਾਂ ਤੇ ਸਥਾਪਤ ਕੀਤਾ ਗਿਆ ਤੇ ਉਸਦੇ ਗੁੰਬਦਾਂ ਨੂੰ ਬੈਠਵਾਂ ਰੱਖਿਆ ਗਿਆ, ਜੋ ਨਿਮਰਤਾ ਦੇ ਪ੍ਰਤੀਕ ਹਨ। ਇਸੇ ਤਰ੍ਹਾਂ ਅੰਮ੍ਰਿਤ ਸਰੋਵਰ ਵਿੱਚ ਕਮਲ ਫੁਲ ਵਾਂਗ ਸ੍ਰੀ ਹਰਿਮੰਦਿਰ ਸਾਹਿਬ ਦੀ ਸਥਾਪਨਾ ਕਰਕੇ, ਉਸ ਵਿੱਚ ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦਾ ਪ੍ਰਕਾਸ਼ ਕੀਤਾ ਗਿਆ।

ਉਨ੍ਹਾਂ ਨੇ ਹੋਰ ਦਸਿਆ ਕਿ ਪ੍ਰਿੰਸੀਪਲ ਸਤਿਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਅਤੇ ਸ੍ਰੀ ਹਰਿਮੰਦਿਰ ਸਾਹਿਬ ਦੇ ਨਾਲ ਉਸਦੇ ਸਬੰਧਾਂ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ ਕਿ ਸ੍ਰੀ ਹਰਿਮੰਦਿਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਇਸ ਕਰਕੇ ਬਣਾਇਆ ਗਿਆ ਕਿ ਸ੍ਰੀ ਹਰਿਮੰਦਿਰ ਸਾਹਿਬ ਵਿੱਚ ਬੈਠਾ ਸਿੱਖ ਆਪਣੇ ਇਨਸਾਨੀ ਫ਼ਰਜ਼ਾਂ ਨੂੰ ਭੁਲਾ ਨਾ ਦੇਵੇ। ਸ਼ਕਤੀ {ਰਾਜਨੀਤੀ), ਭਗਤੀ (ਧਰਮ) ਦੀ ਨਿਗ਼ਾਹਬਾਨ ਹੈ। ਦੂਜੇ ਪਾਸੇ ਤਖ਼ਤ (ਸ੍ਰੀ ਅਕਾਲ ਤਖ਼ਤ) ਉਤੇ ਬੈਠਾ ਸਿੱਖ ਸ਼ਕਤੀ (ਸੱਤਾ) ਹਾਸਲ ਕਰ, ਉਸਦੇ ਨਸ਼ੇ ਵਿੱਚ ਭਗਤੀ (ਧਰਮ) ਨੂੰ ਨਾ ਭੁਲ ਜਾਏ। ਸ੍ਰੀ ਅਕਾਲ ਤਖ਼ਤ ਨੂੰ ਸ੍ਰੀ ਹਰਿਮੰਦਿਰ ਸਾਹਿਬ ਤੋਂ ਹਟਵਾਂ ਇਸ ਕਰਕੇ ਬਣਾਇਆ ਗਿਆ ਸੀ ਕਿ ਭਗਤੀ (ਧਰਮ) ਦਾ ਸਤਿਕਾਰ ਪਹਿਲਾਂ ਹੈ।

…ਅਤੇ ਅੰਤ ਵਿੱਚ : ਇਨ੍ਹਾਂ ਵਿਚਾਰਾਂ ਦੀ ਰੋਸ਼ਨੀ ਵਿੱਚ ਵਿਚਾਰਿਆ ਜਾਏ ਤਾਂ ਇਹ ਸੁਆਲ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਆਖਿਰ ਅੱਜ ਹੋ ਕੀ ਰਿਹਾ ਹੈ? ਭਗਤੀ (ਧਰਮ) ਨੂੰ ਰਾਜਸੀ ਸੱਤਾ ਪ੍ਰਾਪਤ ਕਰਨ ਲਈ ਪੌੜੀ ਵਜੋਂ ਵਰਤਿਆ ਜਾਣ ਲਗਾ ਹੈ। ਭਗਤੀ (ਧਰਮ) ਦੀ ਗਲ ਕੇਵਲ ਸੱਤਾ ਹਾਸਲ ਕਰਨ ਲਈ ਹੀ ਕੀਤੀ ਜਾਂਦੀ ਹੈ। ਜਦੋਂ ਸੱਤਾ ਜਾਂ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਭਗਤੀ (ਧਰਮ) ਨੂੰ ਬਿਲਕੁਲ ਹੀ ਵਿਸਾਰ ਦਿਤਾ ਜਾਂਦਾ ਹੈ।000

ਮੋਬਾ: : +91 95 82 71 98 90

# ਸਿੱਖੀ ਵਿੱਚ ਬੀਬੀਆਂ ਦਾ ਯੋਗਦਾਨ

-ਡਾ. ਨਰਿੰਦਰ ਕੌਰ



ਸਿੱਖ ਇਤਿਹਾਸ ਮੁੱਢ ਕਦੀਮ ਤੋਂ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਬੀਬੀਆਂ ਨੇ ਹਮੇਸ਼ਾਂ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੂਰਾ ਸਹਿਯੋਗ ਦਿੱਤਾ ਹੈ। ਭਾਈ ਕਾਹਨ ਸਿੰਘ ਨਾਭਾ ਨੇ ਬੇਬੇ ਨਾਨਕੀ ਨੂੰ ਪਹਿਲਾ ਗੁਰਸਿੱਖ ਕਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਆਰੰਭਕ ਜੀਵਨ ਦਾ ਵੱਡਾ ਅੰਸ਼ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਨਾਲ ਜੁੜਿਆ ਹੈ। ਉਹ ਬੇਬੇ ਨਾਨਕੀ ਹੀ ਸੀ, ਜਿਸ ਨੇ ਆਪਣੇ ਵੀਰ ਵਿੱਚ ਪੀਰ ਵੇਖਿਆ। ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਦੇ ਮਹਿਲ ਮਾਤਾ ਖੀਵੀ ਜੀ ਨੇ ਗੁਰੂ ਨਾਨਕ ਦੀ ਲੰਗਰ ਪਰੰਪਰਾ ਨੂੰ ਅੱਗੇ ਵਧਾਇਆ ਅਤੇ ਬੀਬੀਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਮਾਤਾ ਜੀ ਲੰਗਰ ਦੀ ਸੇਵਾ ਕਰਦੇ। ਇਸੇ ਲਈ ਲੰਗਰ ਉਨ੍ਹਾਂ ਦੇ ਨਾਂ ਮਾਤਾ ਖੀਵੀ ਦਾ ਲੰਗਰ ਨਾਲ ਜਾਣਿਆ ਜਾਂਦਾ ਹੈ। 16ਵੀਂ ਸਦੀ ਵਿੱਚ ਜਦੋਂ ਭਾਰਤ ਵਿੱਚ ਇਸਤਰੀਆਂ ਘਰ ਤੋਂ ਬਾਹਰ ਜਾ ਕੇ ਕੰਮ ਨਹੀਂ ਸਨ ਕਰ ਸਕਦੀਆਂ, ਉਦੋਂ ਮਾਤਾ ਜੀ ਘਰੋਂ ਬਾਹਰ ਲੰਗਰ ਦੀ ਸੇਵਾ ਨਿਭਾਉਂਦੇ, ਜੋ ਸਿੱਖ ਧਰਮ ਵਿੱਚ ਇਸਤਰੀ ਅਤੇ ਪੁਰਸ਼ ਨੂੰ ਬਰਾਬਰ ਦਾ ਦਰਜਾ ਦੇਣ ਦਾ ਸਬੂਤ ਵੀ ਸੀ। ਗੁਰੂ ਅੰਗਦ ਦੇਵ ਦੀ ਬੇਟੀ ਬੀਬੀ ਅਮਰੋ ਵੀ ਸਿੱਖ ਧਰਮ ਦੇ ਉਘੇ ਪ੍ਰਚਾਰਕ ਸਨ। ਤੀਜੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਨੇ ਧਰਮ ਪ੍ਰਚਾਰ ਲਈ ਬਾਈ ਮੰਜੀਆਂ ਥਾਪੀਆਂ, ਜਿਨ੍ਹਾਂ 'ਚੋਂ ਇੱਕ ਮੰਜੀ ਬੀਬੀ ਅਮਰੋ ਜੀ ਨੂੰ ਸੌਂਪੀ, ਜਿਸ ਨੂੰ ਉਸ ਨੇ ਬਾਖੂਬੀ ਨਿਭਾਇਆ। ਗੁਰੂ ਅਮਰਦਾਸ ਨੇ ਪਰਦਾ-ਪ੍ਰਥਾ ਅਤੇ ਸਤੀ-ਪ੍ਰਥਾ ਦਾ ਵਿਰੋਧ ਕੀਤਾ ਅਤੇ ਕਈ ਬੀਬੀਆਂ ਨੂੰ ਧਰਮ ਪ੍ਰਚਾਰ ਦੀ ਸੇਵਾ 'ਤੇ ਲਾਇਆ। ਮਾਤਾ ਗੁਜਰੀ ਜੀ ਦੀ ਨਿਡਰਤਾ, ਹੌਸਲਾ, ਸੀਲ-ਸੰਜਮ ਅਤੇ ਸਿੱਖਿਆਵਾਂ ਸਦਕਾ ਹੀ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੇ ਜਨਮ ਲਿਆ, ਜਿਸ ਨੇ ਸੰਪੂਰਣ ਵਿਸ਼ਵ ਵਿੱਚ ਮਿਸਾਲ ਕਾਇਮ ਕਰ ਦਿੱਤੀ। ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਮਨ ਵਿੱਚ ਵੀਰਤਾ ਨੂੰ ਜਗਾ ਦਿੱਤਾ, ਜਿਸ ਸਦਕਾ ਖਾਲਸਾ ਰਾਜ ਸਥਾਪਿਤ ਹੋਇਆ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਜਦੋਂ ਖਾਲਸਾ ਪੰਥ ਸਾਜਿਆ ਉਦੋਂ ਮਾਤਾ ਜੀਤੋ ਜੀ ਨੇ ਅੰਮ੍ਰਿਤ ਦੇ ਬਾਟੇ ਵਿੱਚ ਪਤਾਸੇ ਪਾ ਕੇ ਆਪਣੇ ਯੋਗਦਾਨ ਪਾਇਆ। ਇਹ ਹੀ ਨਹੀਂ, ਮਾਤਾ ਸੁੰਦਰੀ ਜੀ ਗੁਰੂ ਸਾਹਿਬ ਦੇ ਜਾਣ ਤੋਂ ਬਾਅਦ ਤਕਰੀਬਨ 40 ਸਾਲ ਸਮੇਂ-ਸਮੇਂ 'ਤੇ ਫੁਰਮਾਨ ਜਾਰੀ ਕਰਦੇ ਰਹੇ, ਜਿਸ ਨੂੰ ਸਾਰਾ ਖਾਲਸਾ ਪੰਥ ਸਵੀਕਾਰ ਕਰਦਾ। ਉਨ੍ਹਾਂ ਨੇ ਗੁਰੂ ਸਾਹਿਬ ਦੀਆਂ ਲਿਖਤਾਂ ਇਕੱਠੀਆਂ ਕਰਕੇ ਉਨ੍ਹਾਂ ਨੂੰ ਛਪਵਾਇਆ ਤੇ ਗੁਰਦੁਆਰਿਆਂ ਦਾ ਪ੍ਰਬੰਧ ਸਾਂਭਿਆ। ਉਨ੍ਹਾਂ ਆਪਣੀ ਮੋਹਰ ਵੀ ਬਣਵਾਈ, ਜਿਸ ਦੁਆਰਾ ਉਹ ਸਿੱਖ ਫੌਜਾਂ ਨੂੰ ਹੁਕਮ ਜਾਰੀ ਕਰਦੇ। ਮਾਤਾ ਭਾਗ ਕੌਰ ਪਹਿਲੀ ਸਿੱਖ ਇਸਤਰੀ ਸਨ, ਜਿਨ੍ਹਾਂ ਨੇ ਜੰਗ ਵਿੱਚ ਹਿੱਸਾ ਲਿਆ। ਪਹਿਲਾਂ ਉਨਾਂ ਨੇ ਸਿੰਘਾਂ ਨੂੰ ਪ੍ਰੇਰਿਆ ਅਤੇ ਫਿਰ ਆਪ ਗੁਰੂ ਸਾਹਿਬ ਨਾਲ ਰਲ ਕੇ ਮੁਗਲਾਂ ਖਿਲਾਫ ਜੰਗ ਲੜੀ ਅਤੇ ਫਤਹਿ ਹਾਸਲ ਕੀਤੀ।

ਸਿੱਖ ਇਤਿਹਾਸ ਦੀ ਇਸ ਛੋਟੀ ਜਿਹੀ ਝਾਤ ਤੋਂ ਇਲਾਵਾ ਜੇ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹੀਏ ਤਾਂ ਅਸੀਂ ਵੇਖਦੇ ਹਾਂ ਕਿ ਸੰਪੂਰਣ ਗੁਰੂ ਗ੍ਰੰਥ ਸਾਹਿਬ ਸਾਨੂੰ ਪੁਰਖ ਅਤੇ ਇਸਤਰੀ ਦੇ ਇੱਕ ਸਮਾਨ ਹੋਣ ਦਾ ਸੰਦੇਸ਼ ਦਿੰਦਾ ਹੈ। ਅਨੇਕਾਂ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਅਤੇ ਪੁਰਖ ਦੋਹਾਂ ਨੂੰ ਜੀਵ-ਆਤਮਾ ਰੂਪ ਵਿੱਚ ਸੰਬੋਧਿਤ ਕਰਦਿਆਂ ਭੈਣੋ, ਸਖੀ, ਸਹੇਲੀ ਆਦਿਕ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਕੇਵਲ ਪਰਮਾਤਮਾ ਨੂੰ ਪੁਰਖ ਰੂਪ ਜਾਣਿਆ ਗਿਆ ਹੈ। 'ਆਸਾ ਦੀ ਵਾਰ' ਵਿੱਚ ਗੁਰੂ ਨਾਨਕ ਦੇਵ ਨੇ ਸੰਸਾਰ ਦਾ ਸੰਪੂਰਣ ਜੀਵਨ-ਚੱਕਰ ਇਸਤਰੀ ਨਾਲ ਹੀ ਦੱਸਿਆ ਹੈ.

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ, ਭੰਡਹੁ ਚਲੈ ਰਾਹੁ॥
ਭੰਡ ਮੁਆ, ਭੰਡੁ ਭਾਲੀਐ, ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡ ਊਪਜੈ, ਭੰਡੇ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।

(ਗੁਰੂ ਗ੍ਰੰਥ ਸਾਹਿਬ, ਅੰਗ-473)

ਵਿਸ਼ਵ ਦੇ ਇਤਿਹਾਸ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਕਿ ਇਸਤਰੀ ਅਤੇ ਪੁਰਖ ਨੂੰ ਬਰਾਬਰ ਰੱਖਣ ਲਈ ਦੋਹਾਂ ਨੂੰ ਪੰਜ ਕਕਾਰ ਪੁਆਏ ਗਏ, ਤਾਂ ਜੋ ਇਸਤਰੀ ਆਪਣੀ ਸਰੀਰਕ ਰੱਖਿਆ ਆਪ ਕਰ ਸਕੇ ਅਤੇ ਦੋਹਾਂ ਵਿੱਚ ਕਿਸੇ ਪ੍ਰਕਾਰ ਦਾ ਭੇਦ ਨਾ ਰੱਖਿਆ ਜਾਵੇ। ਸਿੱਖ ਧਰਮ ਇੱਕ ਅਜਿਹਾ ਧਰਮ ਹੈ, ਜਿਸ ਵਿੱਚ ਬੀਬੀਆਂ ਨੂੰ ਕੇਵਲ ਮਾਣ-ਸਨਮਾਨ ਹੀ ਨਹੀਂ ਬਲਕਿ ਬਰਾਬਰੀ ਦਾ ਦਰਜ ਦਿੱਤਾ ਗਿਆ ਹੈ। ਨਾ ਤਾਂ ਸਿੱਖ ਰਹਿਤ ਮਰਯਾਦਾ ਅਤੇ ਨਾ ਕਿਤੇ ਹੋਰ ਬੀਬੀਆਂ ਨੂੰ ਸਿੰਘਾਂ ਤੋਂ ਵੱਖ ਮੰਨਿਆ ਗਿਆ ਹੈ। ਦੋਨਾਂ ਨੂੰ ਇੱਕੋ ਦ੍ਰਿਸ਼ਟੀ ਨਾਲ ਇੱਕੋ ਜਿਹਾ ਉਪਦੇਸ਼ ਅਤੇ ਆਦੇਸ਼ ਦਿੱਤਾ ਗਿਆ ਹੈ।

ਜੇ ਕੀਰਤਨ ਦੀ ਗੱਲ ਕਰੀਏ ਤਾਂ ਅਜੋਕੇ ਸਮੇਂ ਵਿੱਚ ਬੀਬੀਆਂ ਵੱਡੇ ਕੀਰਤਨ ਦਰਬਾਰ ਦੀ ਸਟੇਜ 'ਤੇ ਕੀਰਤਨ ਕਰਦੀਆਂ ਹਨ, ਇੱਥੋਂ ਤੱਕ ਕਿ ਗੁਰਦੁਆਰਾ ਦੀਵਾਨ ਹਾਲ, ਮੰਜੀ ਸਾਹਿਬ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਕੀਰਤਨ ਕਰਦੀਆਂ ਹਨ। ਅੱਜ ਬੀਬੀਆਂ ਰਾਗਾਂ ਵਿੱਚ ਕੀਰਤਨ ਕਰਦੀਆਂ ਹਨ। ਬੀਬੀਆਂ ਦੀ ਕੀਰਤਨ ਸਮਰੱਥਾ ਵਿੱਚ ਕੋਈ ਘਾਟ ਨਹੀਂ। ਕੁਝ ਸਮੇਂ ਤੋਂ ਮਾਤਾ ਗੁਜਰੀ ਜੀ ਨੂੰ ਸਮਰਪਿਤ ਬੀਬੀਆਂ ਦੇ ਕੀਰਤਨ ਦਰਬਾਰ ਵੀ ਹੋਣ ਲੱਗੇ ਹਨ। ਜ਼ਿਆਦਾ ਕੀਰਤਨੀ ਜਥੇ ਭਾਵੇਂ ਮਰਦਾਂ ਦੇ ਰਹੇ ਹਨ, ਪਰ ਸਿੱਖ ਧਰਮ ਦਾ ਵਿਰਸਾ ਇਸਤਰੀ ਨੂੰ ਕਿਸੇ ਪੱਖੋਂ ਘੱਟ ਨਹੀਂ ਮੰਨਦਾ ਅਤੇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਿੱਖ ਇਤਹਾਸ ਵਿੱਚ ਜਦੋਂ-ਜਦੋਂ ਵੀ ਲੋੜ ਪਈ ਬੀਬੀਆਂ ਨੇ ਅਗਾਂਹ ਵੱਧ ਕੇ ਅਹਿਮ ਰੋਲ ਅਦਾ ਕੀਤਾ। ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਇਸਤਰੀ ਨਾਲ ਮਾੜਾ ਵਤੀਰਾ ਕੀਤਾ ਜਾਂਦਾ ਸੀ, ਇਥੋਂ ਤੱਕ ਕਿ ਮਾਹਾਂਵਾਰੀ ਵਾਲੇ ਦਿਨਾਂ ਵਿੱਚ ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਸੀ, ਉਸ ਨੂੰ ਘਰ ਦੇ ਚੌਂਕੇ ਅਤੇ ਮੰਦਰ ਵਿੱਚ ਵੜਨ ਦੀ ਇਜਾਜ਼ਤ ਨਹੀਂ ਸੀ, ਉਸ ਵੇਲੇ ਗੁਰੂ ਸਾਹਿਬਾਨ ਨੇ ਇਸਤਰੀ ਦੇ ਦਰਜੇ ਨੂੰ ਉਚਾ ਉਠਾਇਆ ਅਤੇ ਆਖਿਆ:

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਿਨ ਜਿ ਪਿੰਡਾ ਧੋਇ।।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

(ਗੁਰੂ ਗ੍ਰੰਥ ਸਾਹਿਬ, 472)

ਅੱਜ ਸਿੱਖ ਧਰਮ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਪ੍ਰਬੰਧਿਤ ਧਰਮ ਬਣ ਚੁੱਕਿਆ ਹੈ। ਇਸ ਵਿੱਚ ਬੀਬੀਆਂ ਦਾ ਪੂਰਾ ਯੋਗਦਾਨ ਹੈ। ਇਸ ਵਿੱਚ ਬੀਬੀਆਂ ਦਾ ਪੂਰਾ ਯੋਗਦਾਨ ਹੈ। ਸਿੱਖ ਧਰਮ ਦੁਨੀਆਂ ਦੇ ਸਾਹਮਣੇ ਮਿਸਾਲ ਕਾਇਮ ਕਰ ਚੁੱਕਿਆ ਹੈ। ਅੱਜ ਜਦੋਂ ਪੂਰਾ ਵਿਸ਼ਵ ਗੁਰੂ ਨਾਨਕ ਦੇਵ ਦਾ 550 ਸਾਲਾ ਜਨਮ ਦਿਹਾੜਾ ਮਨਾ ਰਿਹਾ ਹੈ, ਮੈਂ ਆਪਣੇ ਇਸ ਲੇਖ ਰਾਹੀਂ ਆਸ ਕਰਦੀ ਹਾਂ ਕਿ ਬੀਬੀਆਂ ਸਿੱਖ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੰਸਾ ਲੈਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਿੱਖ ਵਿਰਸਾ ਪਹੁੰਚਾਇਆ ਜਾ ਸਕੇ। ਵਿਰਸੇ ਦੀ ਸੰਭਾਲ ਅਤੇ ਪ੍ਰਸਾਰ ਇੱਕ ਇਸਤਰੀ ਪੁਰਖ ਨਾਲੋਂ ਵਧੇਰੇ ਸਫਲਤਾ ਪੂਰਵਕ ਢੰਗ ਨਾਲ ਕਰ ਸਕਦੀ ਹੈ।


Ride Ontario's Heritage Railway

SPECIAL RIDES
FALL COLOURS TOURS

Oct 5,6, Oct 12,13,14 & Oct 19, 20




ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call:905.936.5815

VISA MasterCard Interac



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



# ਖ਼ਬਰਾਂ ਪੰਜਾਬ ਦੀਆਂ

## ਪਿਛਲੀ ਸਰਕਾਰ ਵੇਲੇ ਦਾ ਦੋਗਲਾ ਫੈਸਲਾ ਸੂਚਨਾ ਕਮਿਸ਼ਨ ਨੇ ਦੋ ਸਾਲਾਂ ਪਿੱਛੋਂ ਸੋਧਿਆ

*** ਇੱਕੋ ਸ਼ਿਕਾਇਤ ਉੱਤੇ ਦੋ ਆਪਾ-ਵਿਰੋਧੀ ਹੁਕਮ ਸੋਧੇ ਗਏ**




ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਇਤਿਹਾਸ 'ਚ ਆਪਣੀ ਤਰ੍ਹਾਂ ਦੇ ਪਹਿਲੇ ਘਟਨਾਕ੍ਰਮ, ਜਿਸ ਵਿੱਚ ਇੱਕੋ ਸ਼ਿਕਾਇਤ 'ਤੇ ਇੱਕੋ ਦਿਨ ਸੁਣਵਾਈ ਵੇਲੇ ਦੋ ਵੱਖ-ਵੱਖ ਅਤੇ ਆਪਾ ਵਿਰੋਧੀ ਹੁਕਮ ਜਾਰੀ ਕੀਤੇ ਗਏ ਸਨ, ਅਖੀਰ ਰਾਜ ਸੂਚਨਾ ਕਮਿਸ਼ਨ ਦੀ ਫੁਲ ਬੈਂਚ ਨੇ ਦੋ ਸਾਲ ਬਾਅਦ ਸੋਧੇ ਹਨ। ਇਸ ਤੋਂ ਪਹਿਲਾਂ ਵੱਖ-ਵੱਖ ਬੈਂਚਾਂ 'ਚ ਸੁਣਵਾਈ ਤੋਂ ਬਾਅਦ ਫੈਸਲਾ ਦੋ ਵਾਰ ਰਿਜ਼ਰਵ ਰੱਖਿਆ ਜਾ ਚੁੱਕਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਇਹ ਮਾਮਲਾ ਆਰ ਟੀ ਆਈ ਐਕਟੀਵਿਸਟ ਐਡਵੋਕੇਟ ਐੱਚ ਐੱਸ ਹੁੰਦਲ ਵੱਲੋਂ ਅਗਸਤ 2015 ਵਿੱਚ ਰੀਜਨਲ ਟਰਾਂਸਪੋਰਟ ਅਥਾਰਟੀ ਮੋਗਾ ਦੇ ਸੈਕਟਰੀ ਦਫਤਰ ਤੋਂ ਸੂਚਨਾ ਅਧਿਕਾਰ ਐਕਟ ਹੇਠ ਮੰਗੀ ਜਾਣਕਾਰੀ ਦਾ ਹੈ। ਸੂਚਨਾ ਨਾ ਮਿਲਣ ਉੱਤੇ ਹੁੰਦਲ ਨੇ ਕਮਿਸ਼ਨ ਕੋਲ ਅਪੀਲ ਕੀਤੀ ਤਾਂ ਉਸ ਵਕਤ ਦੇ ਸੂਚਨਾ ਕਮਿਸ਼ਨਰ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਅਕਤੂਬਰ 2017 ਵਿੱਚ ਸੂਚਨਾ ਅਧਿਕਾਰੀ ਵਜੋਂ ਉਸ ਵਕਤ ਦੇ ਸੈਕਟਰੀ ਪੀ ਸੀ ਐੱਸ ਅਫਸਰ ਅਨੀਤਾ ਆਦਰਸ਼ੀ 'ਤੇ 25 ਹਜ਼ਾਰ ਰੁਪਏ ਜੁਰਮਾਨਾ ਲਾਉਣ ਦੇ ਹੁਕਮ ਦਿੱਤੇ ਸਨ। ਹੁੰਦਲ ਵੱਲੋਂ ਜੁਰਮਾਨਾ ਰਾਸ਼ੀ ਜਮ੍ਹਾ ਕਰਵਾਏ ਜਾਣ ਦੀ ਜਾਣਕਾਰੀ ਮੰਗਣ 'ਤੇ ਪਤਾ ਲੱਗਾ ਕਿ ਉਹ ਜੁਰਮਾਨਾ ਜਮ੍ਹਾ ਨਹੀਂ ਕਰਾਇਆ ਗਿਆ। ਦੂਸਰੇ ਪਾਸੇ ਸੂਚਨਾ ਕਮਿਸ਼ਨ ਨੂੰ ਜਾਣਕਾਰੀ ਦਿੱਤੀ ਗਈ ਕਿ ਉਸ ਮਾਮਲੇ 'ਤੇ ਉਨ੍ਹਾਂ ਦੇ ਸਪੱਸ਼ਟੀਕਰਨ ਮਗਰੋਂ ਜੁਰਮਾਨੇ ਦਾ ਹੁਕਮ ਵਾਪਸ ਲੈ ਕੇ ਮਾਮਲਾ ਖਤਮ ਕਰ ਦਿੱਤਾ ਗਿਆ ਸੀ। ਇੱਕੋ ਸ਼ਿਕਾਇਤ ਉਤੇ ਦੋ ਵੱਖ ਵੱਖ ਅਤੇ ਆਪਾ ਵਿਰੋਧੀ ਹੁਕਮਾਂ ਉੱਤੇ ਕਮਿਸ਼ਨ 'ਚ ਫਿਰ ਸੁਣਵਾਈ ਸ਼ੁਰੂ ਹੋਈ, ਪਰ ਸੂਚਨਾ ਕਮਿਸ਼ਨਰ ਡਾਕਟਰ ਪਵਨ ਕੁਮਾਰ ਸਿੰਗਲਾ ਦੀ ਅਗਵਾਈ ਵਿੱਚ ਬਣੀ ਤਿੰਨ ਮੈਂਬਰੀ ਸਪੈਸ਼ਲ ਬੈਂਚ ਨੇ ਇੱਕ ਸਾਲ ਤੋਂ ਵੱਧ ਸਮਾਂ ਇਸ ਕੇਸ ਦੀ ਸੁਣਵਾਈ ਕਰਨ ਤੇ ਦੋ ਮਹੀਨੇ ਤੱਕ ਹੁਕਮ ਰਾਖਵੇਂ ਰੱਖਣ ਪਿੱਛੋਂ ਬੀਤੀ 16 ਜੁਲਾਈ ਨੂੰ ਇਹ ਮੰਨ ਕੇ ਕਿ ਮਾਮਲਾ ਉਲਝਿਆ ਹੈ, ਇਸ ਲਈ ਅੰਤਿਮ ਹੁਕਮ ਦੇ ਵਾਸਤੇ ਇਸ ਕੇਸ ਨੂੰ ਕਮਿਸ਼ਨ ਦੀ ਫੁਲ ਬੈਂਚ ਨੂੰ ਰੈਫਰ ਕਰਨ ਦੇ ਦਿੱਤੇ ਸਨ। ਮੁੱਖ ਸੂਚਨਾ ਕਮਿਸ਼ਨਰ ਸੁਰੇਸ਼ ਅਰੋੜਾ ਦੀ ਅਗਵਾਈ ਵਿੱਚ ਕਮਿਸ਼ਨ ਦੀ ਫੁਲ ਬੈਂਚ ਵੱਲੋਂ ਸੁਣਵਾਈ ਦੌਰਾਨ ਸੂਚਨਾ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਉੱਤੇ ਵਿਭਾਗ ਦੇ ਕਲਰਕ ਨੇ ਗਲਤੀ ਨਾਲ ਉਨ੍ਹਾਂ ਵੱਲੋਂ ਅਹੁਦਾ ਸੰਭਾਲਣ ਤੋਂ ਪਹਿਲਾਂ ਦੀ ਮਿਤੀ ਲਿਖ ਦਿੱਤੀ ਸੀ, ਪਰ ਉਨ੍ਹਾਂ ਨੇ ਸੂਚਨਾ ਸਮੇਂ ਸਿਰ ਦਿੱਤੀ ਹੈ।

## ਅਕਾਲੀ ਦਲ ਦੀ ਮਾਨਤਾ ਦੇ ਅਦਾਲਤੀ ਕੇਸ ਦੀ ਬਹਿਸ ਪੂਰੀ, 19 ਨੂੰ ਫੈਸਲਾ ਆ ਸਕਦੈ



ਹੁਸ਼ਿਆਰਪੁਰ, 10 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ (ਬਾਦਲ) ਦੀ ਮਾਨਤਾ ਬਾਰੇ ਐਡੀਸ਼ਨਲ ਸੈਸ਼ਨ ਜੱਜ ਹੁਸ਼ਿਆਰਪੁਰ ਦੀ ਕੋਰਟ ਵਿੱਚ ਚੱਲਦੇ ਕੇਸ ਵਿੱਚ ਕੱਲ੍ਹ ਬਹਿਸ ਪੂਰੀ ਹੋ ਗਈ। ਜੱਜ ਮੋਨਿਕਾ ਸ਼ਰਮਾ ਨੇ ਇਸ ਕੇਸ ਵਿੱਚ ਫੈਸਲਾ ਰਾਖਵਾਂ ਰੱਖ ਲਿਆ ਅਤੇ 19 ਅਕਤੂਬਰ ਨੂੰ ਫੈਸਲਾ ਸੁਣਾਇਆ ਜਾਵੇਗਾ।

ਸੋਸ਼ਲਿਸਟ ਪਾਰਟੀ ਆਫ ਇੰਡੀਆ ਦੇ ਪਾਰਲੀਮੈਂਟਰੀ ਬੋਰਡ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਨੇ ਸਾਲ 2009 ਵਿੱਚ ਅਕਾਲੀ ਦਲ ਦੀ ਮਾਨਤਾ ਨੂੰ ਚੁਣੌਤੀ ਦਿੰਦੇ ਹੋਏ ਕੋਰਟ ਵਿੱਚ ਅਰਜ਼ੀ ਦਿੱਤੀ ਸੀ। ਇਸ ਵਿੱਚ ਖੇੜਾ ਨੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ, ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ, ਦਲਜੀਤ ਸਿੰਘ ਚੀਮਾ ਅਤੇ ਕਈ ਹੋਰ ਨੇਤਾਵਾਂ 'ਤੇ ਦੋਸ਼ ਲਾਇਆ ਸੀ ਕਿ ਇਨ੍ਹਾਂ ਨੇ ਦੋਹਰੇ ਮਾਪਦੰਡ ਅਪਣਾਏ ਹਨ, ਜੋ ਸੰਵਿਧਾਨ ਦੇ ਵਿਰੁੱਧ ਹਨ। ਅਕਾਲੀ ਦਲ ਜਾਂ ਧਾਰਮਿਕ ਪਾਰਟੀ ਰਹੇ ਜਾਂ ਰਾਜਨੀਤਕ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਵੀ ਅਕਾਲੀ ਆਗੂ ਲੜਦੇ ਅਤੇ ਸਿਆਸਤ ਵਿੱਚ ਧਰਮ ਦੇ ਨਾਂਅ 'ਤੇ ਵੋਟਾਂ ਮੰਗਦੇ ਹਨ। ਦੋਹਰੇ ਮਾਪਦੰਡ ਅਪਣਾਉਣ ਦੇ ਕਾਰਨ ਅਕਾਲੀ ਦਲ ਦੀ ਮਾਨਤਾ ਰੱਦ ਕਰਨੀ ਚਾਹੀਦੀ ਹੈ। ਖੇੜਾ ਨੇ ਇਹ ਵੀ ਦੋਸ਼ ਲਾਇਆ ਸੀ ਕਿ ਸੰਵਿਧਾਨ ਵਿੱਚ ਛੇੜਛਾੜ ਕਰ ਕੇ ਅਕਾਲੀ ਦਲ ਦੀ ਮਾਨਤਾ ਲਈ ਗਈ ਹੈ। ਇਸ ਲਈ ਦੋਸ਼ੀਆਂ 'ਤੇ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਇਹ ਦੋਸ਼ ਵੀ ਲਾਏ ਗਏ ਕਿ ਅਕਾਲੀ ਦਲ ਨੇ ਅਦਾਲਤ ਵਿੱਚ ਜੋ ਦਸਤਾਵੇਜ਼ ਪੇਸ਼ ਕੀਤੇ, ਉਨ੍ਹਾਂ ਨਾਲ ਵੀ ਛੇੜਛਾੜ ਕੀਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਖੇੜਾ ਨੇ ਦਿੱਲੀ ਹਾਈ ਕੋਰਟ ਵਿੱਚ ਵੀ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਦਾ ਕੇਸ ਦਾਇਰ ਕੀਤਾ ਹੋਇਆ ਹੈ।

## ਪੁਲਸ ਹਿਰਾਸਤ ਵਿੱਚ ਦੋਸ਼ੀ ਵੱਲੋਂ ਅਦਾਲਤ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ



ਗੁਰਦਾਸਪੁਰ, 10 ਅਕਤੂਬਰ (ਪੋਸਟ ਬਿਊਰੋ)- ਦਿਓਰ-ਭਰਜਾਈ ਨੂੰ ਨਸ਼ੇ ਵਾਲੀਆਂ ਗੋਲੀਆਂ ਸਪਲਾਈ ਕਰਨ ਵਾਲੇ ਦੋਸ਼ੀ ਨੇ ਕੱਲ੍ਹ ਜ਼ਿਲਾ ਕਚਹਿਰੀ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ, ਜਦ ਕਲਾਨੌਰ ਪੁਲਸ ਉਸ ਨੂੰ ਪੁਲਸ ਰਿਮਾਂਡ ਖਤਮ ਹੋਣ 'ਤੇ ਅਦਾਲਤ ਵਿੱਚ ਪੇਸ਼ ਕਰਨ ਲਈ ਲਿਜਾ ਰਹੀ ਸੀ।

ਮਿਲੀ ਜਾਣਕਾਰੀ ਅਨੁਸਾਰ ਪੰਜ ਅਕਤੂਬਰ ਨੂੰ ਨਾਰਕੋਟਿਕ ਸੈੱਲ ਗੁਰਦਾਸਪੁਰ ਨੇ ਇੱਕ ਨਾਕੇ 'ਤੇ ਦਿਓਰ ਬਲਦੇਵ ਰਾਜ ਅਤੇ ਉਸ ਦੀ ਭਰਜਾਈ ਗੁਰਮੀਤ ਪਤਨੀ ਸੁਖਰਾਜ ਵਾਸੀ ਚੰਦੂ ਵਡਾਲਾ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ 1030 ਗੋਲੀਆਂ ਬਰਾਮਦ ਕੀਤੀਆਂ ਸਨ। ਉਨ੍ਹਾਂ ਦੇ ਖਿਲਾਫ ਪਹਿਲਾਂ ਅਦਾਲਤ ਵਿੱਚ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੇ ਕੇਸ ਸਨ। ਉਨ੍ਹਾਂ ਪੁੱਛਗਿੱਛ ਵਿੱਚ ਮੰਨਿਆ ਕਿ ਇਹ ਗੋਲੀਆਂ ਉਨ੍ਹਾਂ ਨੂੰ ਸੁਖਦੇਵ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਭਮਤਾਲੀ ਦੇਂਦਾ ਹੈ, ਜੋ ਮੈਡੀਕਲ ਸਟੋਰ 'ਤੇ ਕੰਮ ਕਰਦਾ ਹੈ। ਇਸ ਉੱਤੇ ਪੁਲਸ ਨੇ ਸੱਤ ਅਕਤੂਬਰ ਨੂੰ ਸੁਖਦੇਵ ਸਿੰਘ ਨੂੰ ਵੀ ਗ੍ਰਿਫਤਾਰ ਕਰ ਕੇ ਅਦਾਲਤ 'ਚ ਪੇਸ਼ ਕਰ ਕੇ ਉਸ ਦਾ ਇੱਕ ਦਿਨਾ ਪੁਲਸ ਰਿਮਾਂਡ ਲਿਆ ਸੀ। ਰਿਮਾਂਡ ਖਤਮ ਹੋਣ ਤੋਂ ਪਹਿਲਾਂ ਉਸ ਨੂੰ ਹਸਪਤਾਲ 'ਚ ਮੈਡੀਕਲ ਕਰਾਉਣ ਲਿਆਂਦਾ ਗਿਆ ਸੀ ਅਤੇ ਦੋ ਵਜੇ ਅਦਾਲਤ ਵਿੱਚ ਪੇਸ਼ ਕਰਨ ਲਈ ਤੀਜੀ ਮੰਜ਼ਿਲ 'ਤੇ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਪੁਲਸ ਵਾਲਿਆਂ ਨੂੰ ਚਕਮਾ ਦੇ ਕੇ ਤੀਜੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਥਾਣਾ ਸਿਟੀ ਦੇ ਇੰਚਾਰਜ ਕੁਲਵੰਤ ਸਿੰਘ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦੇ ਸਾਰ ਅਸੀਂ ਓਥੇ ਪਹੁੰਚੇ ਅਤੇ ਸੁਖਦੇਵ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਦਾਖਲ ਕਰਾਇਆ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਕੇਸ ਦੀ ਜਾਂਚ ਹੋਵੇਗੀ। ਮ੍ਰਿਤਕ ਦੇ ਪਿਤਾ ਨੇ ਕਿਹਾ ਕਿ ਸੁਖਦੇਵ ਨੂੰ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਉਣ ਲਈ ਲਿਆਂਦਾ ਗਿਆ ਸੀ ਤਾਂ ਉਦੋਂ ਵੀ ਉਸ ਨੂੰ ਹੱਥਕੜੀ ਨਹੀਂ ਲਾਈ ਗਈ ਸੀ। ਅਸੀਂ ਪੁਲਸ ਨੂੰ ਕਿਹਾ ਸੀ ਕਿ ਸੁਖਦੇਵ ਡਿਪਰੈਸ਼ਨ ਦਾ ਸ਼ਿਕਾਰ ਹੈ ਇਸ ਦਾ ਧਿਆਨ ਰੱਖਿਆ ਜਾਵੇ। ਅਦਾਲਤੀ ਕੰਪਲੈਕਸ ਵਿੱਚ ਤੀਜੀ ਮੰਜ਼ਿਲ ਤੋਂ ਸੁਖਦੇਵ ਨੇ ਛਾਲ ਕਿਵੇਂ ਮਾਰੀ, ਜੇ ਹਥਕੜੀ ਲੱਗੀ ਹੁੰਦੀ ਤਾਂ ਏਦਾਂ ਨਹੀਂ ਕਰ ਸਕਦਾ ਸੀ।

## ਝੋਨੇ ਦੀ ਖਰੀਦ ਲਈ ਕਰੋੜਾਂ ਦੀ ਕੈਸ਼ ਕਰੈਡਿਟ ਲਿਮਟ ਮਨਜ਼ੂਰ

ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਸਾਉਣੀ ਦੇ 2019-20 ਖਰੀਦ ਸੀਜ਼ਨ ਦੌਰਾਨ ਇਸ ਮਹੀਨੇ ਹੋਣ ਵਾਲੀ ਝੋਨੇ ਦੀ ਖਰੀਦ ਲਈ ਪੰਜਾਬ ਸਰਕਾਰ ਲਈ ਨਕਦ ਕਰਜ਼ਾ ਹੱਦ (ਸੀ ਸੀ ਐਲ) ਦੇ 26707.50 ਕਰੋੜ ਰੁਪਏ ਮਨਜ਼ੂਰ ਕਰ ਦਿੱਤੇ ਹਨ। ਰਿਜ਼ਰਵ ਬੈਂਕ ਆਫ ਇੰਡੀਆ ਵੱਲੋਂ ਅਕਤੂਬਰ ਦੇ ਅੰਤ ਤੱਕ ਸੀ ਸੀ ਐਲ (ਕੈਸ਼ ਕ੍ਰੈਡਿਟ ਲਿਮਿਟ) ਦੀ ਇਹ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ।

ਵਰਨਣ ਯੋਗ ਹੈ ਕਿ ਕਿਸਾਨਾਂ ਨੂੰ ਫਸਲ ਵੇਚਣ ਦੇ ਬਦਲੇ ਤੁਰੰਤ ਭੁਗਤਾਨ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਨਿੱਜੀ ਤੌਰ ਉੱਤੇ ਸੀ ਸੀ ਐਲ ਜਲਦ ਜਾਰੀ ਕਰਾਉਣ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰ ਰਹੇ ਸਨ। ਝੋਨੇ ਦੀ ਖਰੀਦ ਦੇ ਪ੍ਰਬੰਧਾਂ ਅਤੇ ਇਸ ਦੀ ਢਿੱਲੀ ਚਾਲ 'ਤੇ ਤਸੱਲੀ ਪ੍ਰਗਟ ਨਾ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਨੂੰ ਨਿਰਦੇਸ਼ ਦਿੱਤੇ ਕਿ ਝੋਨੇ ਦੀ ਲਿਫਟਿੰਗ ਤੁਰੰਤ ਹੋਵੇ ਤੇ ਕਿਸਾਨਾਂ ਨੂੰ ਤੈਅ ਸਮੇਂ ਅੰਦਰ ਵੇਚੀ ਫਸਲ ਦਾ ਭੁਗਤਾਨ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਕੱਲ੍ਹ ਤੱਕ ਸੂਬੇ ਦੀਆਂ ਖਰੀਦ ਏਜੰਸੀਆਂ ਵੱਲੋਂ ਕੁਲ 3,26,839 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਸੀ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਵਿੱਚ ਝੋਨੇ ਦੀ ਖੇਤੀ ਹੇਠ 29.20 ਲੱਖ ਹੈਕਟੇਅਰ ਰਕਬਾ ਹੋਣ ਕਾਰਨ ਇਸ ਸੀਜ਼ਨ ਦੌਰਾਨ ਸੂਬੇ ਵੱਲੋਂ 170 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ। ਮੰਡੀਆਂ ਵਿੱਚ ਆਪਣੀ ਫਸਲ ਲਿਆਉਣ ਵਾਲੇ ਕਿਸਾਨਾਂ ਲਈ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਦੇ ਪੱਕੇ ਪ੍ਰਬੰਧ ਕੀਤੇ ਗਏ ਹਨ। ਝੋਨੇ ਦੀ ਪਰੇਸ਼ਾਨੀ ਰਹਿਤ ਖਰੀਦ ਲਈ ਪੰਜਾਬ ਮੰਡੀ ਬੋਰਡ ਵੱਲੋਂ ਪਹਿਲਾਂ ਹੀ 1734 ਖਰੀਦ ਕੇਂਦਰ ਨੋਟੀਫਾਈ ਕੀਤੇ ਗਏ ਹਨ। ਪਿਛਲੇ ਸਾਉਣੀ ਖਰੀਦ ਸੀਜ਼ਨ 2018-19 ਦੌਰਾਨ ਕੁੱਲ 170.18 ਲੱਕ ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਸੀ।

## ਹਾਈਵੇ ਜ਼ਮੀਨ ਘਪਲੇ ਦੀ ਰਕਮ ਚਾਰ ਕਰੋੜ ਤੱਕ ਪੁੱਜ ਗਈ

ਤਰਨ ਤਾਰਨ, 10 ਅਕਤੂਬਰ (ਪੋਸਟ ਬਿਊਰੋ)- ਇੱਕ ਮਹਿਲਾ ਪੀ ਸੀ ਐਸ ਅਧਿਕਾਰੀ ਡਾ.ਅਨੁਪ੍ਰੀਤ ਕੌਰ ਵੱਲੋਂ ਕੀਤੇ ਗਏ ਘਪਲੇ ਦੀ ਰਕਮ ਕਰੀਬ 1.64 ਕਰੋੜ ਰੁਪਏ ਤੋਂ ਸ਼ੁਰੂ ਹੋ ਕੇ 3.91 ਕਰੋੜ ਰੁਪਏ ਤੱਕ ਜਾ ਪੁੱਜੀ ਹੈ। ਇਸ ਰਕਮ ਦੇ ਅਜੇ ਹੋਰ ਵੀ ਵਧਣ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਅੱਜ ਤੱਕ ਦੀ ਜਾਂਚ ਦੀ ਰਫਤਾਰ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੁਲਸ ਇਸ ਕੇਸ ਦਾ ਚਲਾਨ ਮਿਥੇ ਸਮੇਂ 90 ਦਿਨ ਦੇ ਅੰਦਰ ਅਦਾਲਤ ਵਿੱਚ ਪੇਸ਼ ਨਹੀਂ ਕਰ ਸਕਦੀ। ਇਹ ਕੇਸ ਚਾਰ ਸਤੰਬਰ 2019 ਨੂੰ ਦਰਜ ਕੀਤਾ ਗਿਆ ਸੀ।

ਪਤਾ ਲੱਗਾ ਹੈ ਕਿ ਇਸ ਕੇਸ ਦੀ ਜਾਂਚ ਦੇ ਸ਼ੁਰੂ ਵਿੱਚ ਜਿੱਥੇ ਮੁਲਜ਼ਮਾਂ ਦੀ ਗਿਣਤੀ ਸੱਤ ਸੀ, ਉਹ ਵੱਧ ਕੇ 18 ਹੋ ਗਈ ਹੈ। ਇਸ ਵਿੱਚ ਐਚ ਡੀ ਐਫ ਸੀ ਬੈਂਕ ਖੇਮਕਰਨ ਦੇ ਮੈਨੇਜਰ ਵਿਕਾਸ ਮਹਿਤਾ ਸਣੇ ਕਈ ਹੋਰਨਾਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਅਨੁਪ੍ਰੀਤ ਕੌਰ ਨੇ ਕੇਸ ਦੀ ਮੁੜ ਜਾਂਚ ਕਰਵਾਏ ਜਾਣ ਦੀ ਵੀ ਚਾਰਾਜੋਈ ਸ਼ੁਰੂ ਕੀਤੀ ਹੈ। ਇਹ ਰਕਮ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਹਾਈਵੇ ਨੰਬਰ-54 ਬਣਾਉਣ ਲਈ ਐਕੁਆਇਰ ਕੀਤੀ ਜ਼ਮੀਨ ਦੇ ਮਾਲਕਾਂ ਨੂੰ ਦੇਣ ਲਈ ਕੇਂਦਰ ਸਰਕਾਰ ਨੇ ਜਾਰੀ ਕੀਤੀ ਸੀ। ਅਨੁਪ੍ਰੀਤ ਕੌਰ ਨੇ ਤਰਨ ਤਾਰਨ, ਪੱਟੀ ਅਤੇ ਭਿੱਖੀਵਿੰਡ ਦੇ ਐਸ ਡੀ ਐਮ ਹੋਣ ਕਾਰਨ 'ਸਮਰਥ ਅਧਿਕਾਰੀ ਭੋਂ-ਪ੍ਰਾਪਤੀ' (ਸੀ ਏ ਐਲ ਏ) ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਘਪਲਾ ਕੀਤਾ ਸੀ। ਪੱਟੀ ਸਿਟੀ ਪੁਲਸ ਨੇ ਮੁਲਜ਼ਮਾਂ ਦੀ ਵੱਧੀ ਹੋਈ ਗਿਣਤੀ ਅਤੇ ਘਪਲੇ ਦੀ ਰਕਮ ਦੇ ਜ਼ਿਆਦਾ ਹੋਣ ਦੇ ਤੱਥਾਂ ਦੀ ਪੁਸ਼ਟੀ ਕੀਤੀ ਹੈ।







# ਸਲਮਾਨ ਖ਼ਾਨ ਦੇ ਬੰਗਲੇ ਵਿੱਚ ਰਹਿ ਰਿਹਾ ਭਗੌੜਾ ਚੋਰ ਕ੍ਰਾਈਮ ਬ੍ਰਾਂਚ ਨੇ ਫੜ੍ਹਿਆ



ਮੁੰਬਈ, 10 ਅਕਤੂਬਰ (ਪੋਸਟ ਬਿਊਰੋ)- ਬਾਲੀਵੁੱਡ ਐਕਟਰ ਸਲਮਾਨ ਖਾਨ ਦੇ ਬੰਗਲੇ ਤੋਂ ਕ੍ਰਾਈਮ ਬ੍ਰਾਂਚ ਨੇ ਛਾਪਾ ਮਾਰ ਕੇ ਇਕ ਆਦਮੀ ਫੜਿਆ ਹੈ, ਜੋ ਪਿਛਲੇ 20 ਸਾਲਾਂ ਤੋਂ ਉਨ੍ਹਾਂ ਦੇ ਬੰਗਲੇ ਦੀ ਦੇਖਭਾਲ ਕਰ ਰਿਹਾ ਸੀ। ਗ੍ਰਿਫ਼ਤਾਰ ਕੀਤਾ ਆਦਮੀ ਮੁੰਬਈ ਦਾ ਵਾਂਟਿਡ ਅਪਰਾਧੀ ਹੈ ਤੇ ਪੁਲਿਸ ਪਿਛਲੇ 29 ਸਾਲ ਤੋਂ ਉਸ ਨੂੰ ਲੱਭ ਰਹੀ ਸੀ।

ਦੱਸਿਆ ਜਾਂਦਾ ਹੈ ਕਿ ਸਲਮਾਨ ਖਾਨ ਦੇ ਗੋਰਾਈ ਵਾਲੇ ਬੰਗਲੇ ਤੋਂ ਸ਼ਕਤੀ ਸਿੱਧੇਸ਼ਵਰ ਰਾਣਾ ਨਾਂਅ ਦੇ ਆਦਮੀ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਮੁੰਬਈ ਪੁਲਿਸ ਨੂੰ 62 ਸਾਲ ਦੇ ਇਸ ਸ਼ਖਸ ਬਾਰੇ ਸਲਮਾਨ ਖਾਨ ਦੇ ਗੋਰਾਈ ਵਾਲੇ ਬੰਗਲੇ ਵਿਚ ਕੰਮ ਕਰਨ ਦੀ ਸੂਚਨਾ ਮਿਲੀ ਸੀ। ਪੁਲਿਸ ਦੇਖ ਕੇ ਉਸ ਆਦਮੀ ਨੇ ਬੰਗਲੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਇਸ ਬਾਰੇ ਪੁਲਿਸ ਨੇ ਦੱਸਿਆ ਕਿ ਰਾਣਾ ਅਤੇ ਉਸ ਦੇ ਕੁਝ ਸਾਥੀਆਂ ਨੂੰ ਪੁਲਿਸ ਨੇ 1990 ਵਿਚ ਚੋਰੀ ਦੇ ਇਕ ਕੇਸ ਵਿਚ ਫੜਿਆ ਸੀ। ਬਾਅਦ ਵਿਚ ਦੋਸ਼ੀ ਜ਼ਮਾਨਤ ਉੱਤੇ ਬਾਹਰ ਆ ਗਿਆ ਤੇ ਪੁਲਿਸ ਨੂੰ ਚਕਮਾ ਦੇ ਕੇ ਲੁਕ ਗਿਆ। ਦੱਸਿਆ ਜਾਂਦਾ ਹੈ ਕਿ ਉਸ ਨੂੰ ਅਦਾਲਤ ਨੇ ਕਈ ਵਾਰ ਪੇਸ਼ ਹੋਣ ਲਈ ਕਿਹਾ, ਪਰ ਉਹ ਕੋਰਟ ਵਿਚ ਪੇਸ਼ ਨਹੀਂ ਹੋਇਆ। ਇਸ ਤੋਂ ਬਾਅਦ ਕੋਰਟ ਨੇ ਉਸ ਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤਾ। ਪੁਲਿਸ ਨੂੰ ਸੂਚਨਾ ਮਿਲੀ ਕਿ ਉਹ ਸਲਮਾਨ ਖਾਨ ਦੇ ਘਰ ਵਿਚ ਕੰਮ ਕਰਦਾ ਹੈ। ਮੁੰਬਈ ਦੀ ਕ੍ਰਾਈਮ ਬ੍ਰਾਂਚ ਨੇ ਸਲਮਾਨ ਨੂੰ ਇਸ ਦੀ ਜਾਣਕਾਰੀ ਦਿੱਤੇ ਬਿਨਾਂ ਉਨ੍ਹਾਂ ਦੇ ਬੰਗਲੇ ਉੱਤੇ ਛਾਪਾ ਮਾਰਿਆ ਤੇ ਰਾਣਾ ਨੂੰ ਗ੍ਰਿਫ਼ਤਾਰ ਕਰ ਲਿਆ।

## ਸੰਕਟ ਵਿੱਚ ਕਾਂਗਰਸ:

# ਰਾਹੁਲ ਗਾਂਧੀ ਦੇ ਅਸਤੀਫੇ ਬਾਰੇ ਕਈ ਆਗੂ ਵੱਖੋ-ਵੱਖ ਬੋਲੀਆਂ ਬੋਲਣ ਲੱਗੇ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਹੋਣ ਤੋਂ ਪਹਿਲਾਂ ਆਪਣੇ ਨੇਤਾਵਾਂ ਦੀ ਬਗਾਵਤ ਤੋਂ ਪ੍ਰੇਸ਼ਾਨ ਕਾਂਗਰਸ ਵਿੱਚ ਸਲਮਾਨ ਖੁਰਸ਼ੀਦ ਵੱਲੋਂ ਰਾਹੁਲ ਗਾਂਧੀ ਅਤੇ ਇਸ ਪਾਰਟੀ ਦੇ ਭਵਿੱਖ ਬਾਰੇ ਕੀਤੇ ਸਵਾਲ ਨਾਲ ਸੰਕਟ ਖੜ੍ਹਾ ਹੋ ਗਿਆ ਹੈ। ਇਸ 'ਤੇ ਸਭ ਤੋਂ ਪਹਿਲਾਂ ਪਾਰਟੀ ਨੇਤਾ ਰਾਸ਼ਿਦ ਅਲਵੀ ਨੇ ਹਮਲਾ ਬੋਲਦੇ ਹੋਏ ਕਿਹਾ ਕਿ ਪਾਰਟੀ ਵਿੱਚ ਅੱਗ ਲਾਉਣ ਵਾਲੇ ਨੇਤਾ ਮੌਜੂਦ ਹਨ, ਬਾਹਰੀ ਦੁਸ਼ਮਣ ਦੀ ਲੋੜ ਨਹੀਂ। ਫਿਰ ਮਲਿਕਾਰਜੁਨ ਖੜਗੇ ਨੇ ਕਿਹਾ ਕ ਜਦ ਸੱਤਾ ਨਾ ਹੋਵੇ ਤਾਂ ਬੋਲਣ ਵਾਲਿਆਂ ਦਾ ਹੜ੍ਹ ਆ ਜਾਂਦਾ ਹੈ। ਇਸ ਦੌਰਾਨ ਜਯੋਤਿਰਦਿੱਤਿਆ ਸਿੰਧੀਆ ਨੇ ਪਾਰਟੀ ਨੂੰ ਆਤਮ ਚਿੰਤਨ ਦੀ ਨਸੀਹਤ ਦਿੱਤੀ ਹੈ।



ਆਪਣੀ ਪਾਰਟੀ ਦੇ ਬਿਆਨਾਂ ਤੋਂ ਭੜਕੇ ਹੋਏ ਹਾਲਾਤ ਨੂੰ ਸੰਭਾਲਣ ਲਈ ਪਾਰਟੀ ਦੇ ਬੁਲਾਰੇ ਪਵਨ ਖੇੜਾ ਅੱਗੇ ਆਏ ਤੇ ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਲੋਕਾਂ ਨੂੰ ਅਜਿਹੀ ਬਿਆਨਬਾਜ਼ੀ ਤੋਂ ਬਚ ਕੇ ਭਾਜਪਾ ਦੀਆਂ ਖ਼ਾਮੀਆਂ ਦੱਸਣੀਆਂ ਚਾਹੀਦੀਆਂ ਹਨ। ਪਾਰਲੀਮੈਂਟ ਵਿੱਚ ਕਾਂਗਰਸ ਦੇ ਆਗੂ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਕਿੰਨੇ ਨੇਤਾ ਹਨ, ਜਿਨ੍ਹਾਂ ਨੇ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਅਹੁਦਾ ਛੱਡਿਆ ਹੈ, ਰਾਹੁਲ ਤੋਂ ਬਿਨਾਂ ਇੱਕ ਵੀ ਨਹੀਂ। ਇਸ ਲਈ ਉਨ੍ਹਾਂ ਦੀ ਤਾਰੀਫ ਹੋਣੀ ਚਾਹੀਦੀ ਹੈ। ਰਾਹੁਲ ਵਰਗੇ ਨੇਤਾ ਦੁਰਲਭ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਲਮਾਨ ਖੁਰਸ਼ੀਦ ਨੇ ਕਿਹਾ ਸੀ ਕਿ ਆਮ ਚੋਣਾਂ ਵਿੱਚ ਹਾਰ ਦੇ ਬਾਅਦ ਰਾਹੁਲ ਨੇ ਪ੍ਰਧਾਨਗੀ ਛੱਡ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਕਾਂਗਰਸ ਕਿਉਂ ਹਾਰੀ, ਇਸ ਦਾ ਅਸੀਂ ਵਿਸ਼ਲੇਸ਼ਣ ਵੀ ਨਹੀਂ ਕਰ ਸਕੇ। ਸਲਮਾਨ ਖੁਰਸ਼ੀਦ ਅਨੁਸਾਰ ਪਾਰਟੀ ਦੀ ਇਸ ਹਾਲਤ ਤੋਂ ਦੁਖੀ ਹਾਂ, ਪਰ ਮੇਰਾ ਪਾਰਟੀ ਤੋਂ ਮੋਹ ਭੰਗ ਨਹੀਂ ਹੋਇਆ, ਪਾਰਟੀ ਵਿਚਾਰ ਕਰੇ ਕਿ ਅਜਿਹੀ ਹਾਲਤ ਕਿਉਂ ਹੋਈ ਹੈ। ਦੂਸਰੇ ਪਾਸੇ ਜਯੋਤਿਰਦਿੱਤਿਆ ਸਿੰਧੀਆ ਦਾ ਕਹਿਣਾ ਹੈ ਕਿ ਮੈਂ ਕਿਸੇ ਦੇ ਬਿਆਨ 'ਤੇ ਪ੍ਰਤੀਕਿਰਿਆ ਨਹੀਂ ਦਿੰਦਾ, ਪਰ ਪਾਰਟੀ ਨੂੰ ਆਤਮ ਚਿੰਤਨ ਕਰਨ ਦੀ ਲੋੜ ਹੈ। ਸਥਿਤੀ ਦਾ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ ਅਤੇ ਉਸ ਦੇ ਮੁਤਾਬਕ ਸੁਧਾਰ ਕਰਨਾ ਜ਼ਰੂਰੀ ਹੈ।

# ਡੇਰਾ ਬਿਆਸ ਦੇ ਮੁਖੀ ਸਮੇਤ 55 ਨੂੰ ਬਕਾਇਆ ਰਾਸ਼ੀ ਅਦਾਲਤ 'ਚ ਜਮ੍ਹਾਂ ਕਰਵਾਉਣ ਦੇ ਆਦੇਸ਼




ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਰਨਬੈਕਸੀ ਲੈਬਾਰਟਰੀਜ਼ ਦੇ ਸਾਬਕਾ ਪ੍ਰਮੋਟਰਾਂ ਮਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਦੇ ਖਿਲਾਫ ਜਾਪਾਨੀ ਦਵਾਈ ਕੰਪਨੀ ਡਾਇਚੀ ਸੈਂਕਿਓ ਦੇ ਪੱਖ ਵਿੱਚ 3500 ਕਰੋੜ ਰੁਪਏ ਦੀ ਆਦੇਸ਼ ਦੇ ਅਮਲ ਦੇ ਕੇਸ ਵਿੱਚ ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਉਸ ਦੇ ਪਰਵਾਰਕ ਮੈਂਬਰਾਂ ਸਮੇਤ 55 ਵਿਅਕਤੀਆਂ ਤੇ ਸੰਸਥਾਵਾਂ ਨੂੰ ਆਰ ਐਚ ਸੀ ਹੋਲਡਿੰਗ ਕੰਪਨੀ ਦੇ ਬਕਾਇਆ ਦੀ ਰਾਸ਼ੀ ਅਦਾਲਤ 'ਚ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।

ਵਰਨਣ ਯੋਗ ਹੈ ਕਿ ਆਰ ਐਚ ਸੀ ਹੋਲਡਿੰਗ ਕੰਪਨੀ ਸਿੰਘ ਭਰਾਵਾਂ ਦੀ ਹੈ। ਅਦਾਲਤ ਨੇ ਕਿਹਾ ਕਿ ਇਸ ਕੇਸ 'ਚ ਆਰ ਐਚ ਸੀ ਹੋਲਡਿੰਗ ਦੇ ਤੀਸਰੇ ਪੱਖ ਦੇ ਇਹ 55 ਬਕਾਏਦਾਰ ਵਿਅਕਤੀ ਤੇ ਸੰਸਥਾਵਾਂ ਬਕਾਏ ਦੀ ਰਾਸ਼ੀ 30 ਦਿਨਾਂ ਦੇ ਅੰਦਰ ਦਿੱਲੀ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਦਫਤਰ 'ਚ ਜਮ੍ਹਾਂ ਕਰਾਉਣ। ਅਦਾਲਤ ਨੇ ਦੋਵਾਂ ਸਿੰਘ ਭਰਾਵਾਂ ਸਮੇਤ ਦੇਣਦਾਰਾਂ ਨੂੰ ਇਹ ਵੀ ਹੁਕਮ ਦਿੱਤੇ ਕਿ ਆਪਣੀਆਂ ਅਚੱਲ ਜਾਇਦਾਦਾਂ ਦੇ ਸਬੂਤ ਸਮੇਤ ਹੋਰ ਅਸਲੀ ਸ਼ੇਅਰ ਸਰਟੀਫਿਕੇਟ 30 ਦਿਨਾਂ ਦੇ ਸਮੇਂ ਵਿਚ ਅਦਾਲਤ ਦੇ ਰਜਿਸਟਰਾਰ ਜਨਰਲ ਦਫਤਰ 'ਚ ਜਮ੍ਹਾਂ ਕਰਵਾਉਣ ਅਤੇ 14 ਨਵੰਬਰ ਦੀ ਅਗਲੀ ਸੁਣਵਾਈ ਤੱਕ ਕਬਜ਼ੇ ਵਾਲੀਆਂ ਸੰਪਤੀਆਂ ਦੇ ਕੇਸ ਦਾ ਕੋਈ ਵੀ ਨਿਪਟਾਰਾ ਨਾ ਕੀਤਾ ਜਾਵੇ।

ਰਨਬੈਕਸੀ ਲੈਬਾਰਟਰੀ ਦੇ ਐਕੁਆਇਰ ਕੀਤੇ ਜਾਣ ਦੇ ਬਾਅਦ ਉਭਰੇ ਵਿਵਾਦ 'ਚ ਟ੍ਰਿਬਿਊਨਲ ਦੇ ਫੈਸਲੇ ਦੀ ਇੱਕ ਅਦਾਲਤ ਨੇ ਦੋਵਾਂ ਸਿੰਘ ਭਰਾਵਾਂ ਦੇ ਖਿਲਾਫ ਫੈਸਲਾ ਸੁਣਾਇਆ ਸੀ ਅਤੇ ਉਨ੍ਹਾਂ ਨੂੰ ਜਾਪਾਨੀ ਕੰਪਨੀ ਨੂੰ 3500 ਕਰੋੜ ਦੇਣ ਦੇ ਆਦੇਸ਼ ਦਿੱਤੇ ਸਨ। ਇਸ ਦੇ ਅਮਲ ਦਾ ਮਾਮਲਾ ਦਿੱਲੀ ਹਾਈ ਕੋਰਟ 'ਚ ਹੈ। ਅਦਾਲਤ ਨੇ ਇਸ ਸਬੰਧ 'ਚ ਸਿੰਘ ਭਰਾਵਾਂ ਦੀ ਕੰਪਨੀ ਦੇ ਬਕਾਏਦਾਰਾਂ ਨੂੰ ਅਦਾਲਤ 'ਚ ਬਕਾਇਆ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਹੈ। ਇਨ੍ਹਾਂ 55 ਵਿਅਕਤੀਆਂ 'ਚ ਡੇਰਾ ਬਿਆਸ ਮੁੱਖੀ ਦੀ ਪਤਨੀ ਸ਼ਬਨਮ ਢਿੱਲੋਂ, ਪੁੱਤਰ ਗੁਰਕੀਰਤ ਸਿੰਘ ਅਤੇ ਗੁਰਪ੍ਰੀਤ ਸਿੰਘ ਅਤੇ ਨੂੰਹ ਨਾਯਨ ਤਾਰਾ ਢਿੱਲੋਂ ਸਮੇਤ ਸਹਾਇਕ ਕੰਪਨੀਆਂ ਅਤੇ ਰੈਲੀਗੇਅਰ ਐਂਟਰਪ੍ਰਾਈਜ਼ ਦੇ ਸਾਬਕਾ ਮੁੱਖੀ ਸੁਨੀਲ ਗੋਧਵਾਨੀ ਤੇ ਉਸ ਦਾ ਭਰਾ ਸੰਜੇ ਗੋਧਵਾਨੀ ਸ਼ਾਮਲ ਹਨ।

# ਸੀ ਬੀ ਆਈ ਨੇ ਗਰਾਊਂਡ ਹੈਂਡਲਿੰਗ ਵਿਰੁੱਧ ਕੇਸ ਦਰਜ ਕੀਤਾ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਸਟੇਟ ਬੈਂਕ ਆਫ ਇੰਡੀਆ ਨਾਲ ਕਰੀਬ 70 ਕਰੋੜ ਰੁਪਏ ਦੀ ਫਰਾਡ ਦੇ ਕੇਸ ਵਿੱਚ ਸੀ ਬੀ ਆਈ ਨੇ ਮੁੰਬਈ ਦੀ ਗਰਾਊਂਡ ਹੈਂਡਲਿੰਗ ਕੰਪਨੀ 'ਲਾਈਵਵੇਲ ਏਅਰ ਟੀਮ ਪ੍ਰਾਈਵੇਟ ਲਿਮਟਿਡ' (ਐਲ ਏ ਟੀ ਪੀ ਐਲ) ਦੇ ਪ੍ਰਧਾਨ ਤੇ ਮੈਨੇਜਿੰਗ ਡਾਇਰੈਕਟਰ (ਸੀ ਐਮ ਡੀ) ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਨੇ ਕਰਜ਼ਾ ਲੈਣ ਲਈ ਬੈਂਕ ਵਿੱਚ ਜਾਅਲੀ ਦਸਤਾਵੇਜ਼ ਦਾਖਲ ਕੀਤੇ ਸਨ ਅਤੇ ਫਿਰ ਕਰਜ਼ਾ ਨਹੀਂ ਉਤਾਰਿਆ। ਅਧਿਕਾਰੀਆਂ ਨੇ ਐਫ ਆਈ ਆਰ ਵਿੱਚ ਕੰਪਨੀ ਤੋਂ ਇਲਾਵਾ ਉਸ ਦੇ ਸੀ ਐਮ ਡੀ ਮਾਨੇਕ ਡਾਵਰ ਅਤੇ ਸੀ ਈ ਓ ਬੁਰਜਿਨ ਡਾਵਰ ਨੂੰ ਵੀ ਨਾਮਜ਼ਦ ਕੀਤਾ ਹੈ।

ਇਸ ਮਾਮਲੇ ਵਿੱਚ ਸੀ ਬੀ ਆਈ ਨੇ ਦੋਸ਼ ਲਾਇਆ ਹੈ ਕਿ ਕੰਪਨੀ ਅਤੇ ਉਸ ਦੇ ਡਾਇਰੈਕਟਰਾਂ ਨੇ 2015 ਤੋਂ 2017 ਵਿਚਾਲੇ ਐਸ ਬੀ ਆਈ ਨਾਲ ਧੋਖਾਧੜੀ ਅਤੇ ਜਾਲਸਾਜ਼ੀ ਕਰਨ ਲਈ ਅਪਰਾਧਿਕ ਸਾਜ਼ਿਸ਼ ਰਚੀ ਸੀ। ਜਾਂਚ ਏਜੰਸੀ ਨੇ ਵੈਬਸਾਈਟ 'ਤੇ ਦਾਅਵਾ ਕੀਤਾ ਹੈ ਕਿ ਕੰਪਨੀ ਦਾ ਭਾਰਤ ਤੋਂ ਇਲਾਵਾ ਬ੍ਰਿਟੇਨ, ਯੂ ਏ ਈ, ਮਲੇਸ਼ੀਆ ਅਤੇ ਸਿੰਗਾਪੁਰ ਵਿੱਚ ਵੀ ਨੈਟਵਰਕ ਹੈ। 2010 ਵਿੱਚ ਦਿੱਲੀ ਏਅਰਪੋਰਟ ਦੇ ਟਰਮੀਨਲ-03 'ਤੇ ਏਅਰਬੇਸ ਏ380 ਦੀ ਗਰਾਊਂਡ ਹੈਂਡਲਿੰਗ ਕਰਨ ਵਾਲੀ ਇਹ ਪਹਿਲੀ ਕੰਪਨੀ ਸੀ। ਇਸ ਉੱਤੇ ਦੋਸ਼ ਹੈ ਕਿ ਬੈਂਕ ਤੋਂ ਕਰਜ਼ ਲਈ ਕੰਪਨੀ ਦੇ ਡਾਇਰੈਕਟਰਾਂ ਨੇ ਜਾਅਲੀ ਦਸਤਾਵੇਜ਼ ਤੇ ਸਟੇਟਮੈਂਟਸ 'ਤੇ ਇੱਕ ਆਡਿਟਰ ਦੇ ਫਰਜ਼ੀ ਦਸਤਖਤ ਬਣਾਏ ਸਨ। ਇਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ ਐਸ ਬੀ ਆਈ ਤੋਂ 61 ਕਰੋੜ ਰੁਪਏ ਕਰਜ਼ ਲਿਆ ਸੀ। ਐਸ ਬੀ ਆਈ ਨੇ ਕੰਪਨੀ ਦਾ ਸਟਾਕ ਆਡਿਟ ਕਰਨ ਲਈ ਇੱਕ ਆਡਿਟਰ ਨਿਯੁਕਤ ਕੀਤਾ ਸੀ, ਜਿਸ ਨੇ ਕਈ ਬੇਨਿਯਮੀਆਂ ਅਤੇ ਧੋਖਾਦੇਹੀ ਦੇ ਕੇਸ ਫੜੇ ਗਏ। ਕੰਪਨੀ ਨੇ 'ਸੰਜੇ ਝਾਅ ਐਂਡ ਐਸੋਸੀਏਟਸ' ਨੂੰ ਆਡਿਟਰ ਵਿਖਾਇਆ ਸੀ ਤੇ ਕਰਜ਼ ਲੈਣ ਲਈ 2015-16 ਦੇ ਫਾਇਨਾਂਸ਼ੀਅਲ ਸਟੇਟਮੈਂਟਸ ਦਾ ਇਸਤੇਮਾਲ ਕੀਤਾ, ਪਰ ਜਨਵਰੀ 2017 ਵਿੱਚ ਉਸ ਆਡਿਟਰ ਨੇ ਬੈਂਕ ਨੂੰ ਸੂਚਿਤ ਕੀਤਾ ਕਿ ਉਹ ਐਲ ਏ ਟੀ ਪੀ ਐਲ ਦੇ ਆਡਿਟਰ ਨਹੀਂ ਤੇ ਨਾ ਉਨ੍ਹਾਂ ਨੇ ਸਟੇਟਮੈਂਟਸ 'ਤੇ ਦਸਤਖਤ ਕੀਤੇ ਸਨ।

# ਇੰਡੀਆ ਬੁਲਸ ਤੇ ਲਕਸ਼ਮੀ ਵਿਲਾਸ ਬੈਂਕ ਦਾ ਰਲੇਵਾਂ ਰੱਦ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਲਕਸ਼ਮੀ ਵਿਲਾਸ ਬੈਂਕ ਅਤੇ ਇੰਡੀਆ ਬੁਲਸ ਹਾਊਸਿੰਗ ਫਾਈਨੈਂਸ ਦੀ ਰਲੇਵਾਂ ਯੋਜਨਾ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਲਕਸ਼ਮੀ ਬੈਂਕ ਨੇ ਸ਼ੇਅਰ ਬਾਜ਼ਾਰਾਂ ਨੂੰ ਦੱਸਿਆ ਹੈ ਕਿ ਉਸ ਦੀ ਯੋਜਨਾ ਨੂੰ ਕੇਂਦਰੀ ਬੈਂਕ ਦੀ ਹਰੀ ਝੰਡੀ ਨਹੀਂ ਮਿਲੀ। ਬੈਂਕ ਇਸੇ ਸਾਲ ਸੱਤ ਮਈ ਨੂੰ ਰਲੇਵੇਂ ਲਈ ਆਰ ਬੀ ਆਈ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਿਹਾ ਸੀ।

ਪਿਛਲੇ ਮਹੀਨੇ ਲਕਸ਼ਮੀ ਵਿਲਾਸ ਬੈਂਕ ਨੂੰ ਬੈਡ ਲੋਨਜ਼ ਦੇ ਕਾਰਨ ਪ੍ਰਾਂਪਟ ਕਰੈਕਟਿਵ ਐਕਸ਼ਨ (ਪੀ ਸੀ ਏ) ਦੇ ਤਹਿਤ ਲਿਆਂਦਾ ਗਿਆ ਸੀ। ਜਾਂਚ ਦੌਰਾਨ ਆਰ ਬੀ ਆਈ ਨੇ ਪਾਇਆ ਕਿ ਬੈਂਕ ਦੀ ਸੁਰੱਖਿਆ ਦੇ ਲਈ ਜ਼ਰੂਰੀ ਪੂੰਜੀ ਨਹੀਂ ਰਹੀ। ਇਸ ਦੇ ਇਲਾਵਾ ਬੈਂਕ ਨੂੰ ਪਿਛਲੇ ਦੋ ਸਾਲਾਂ ਤੋਂ ਇਸ ਦੇ ਅਸੈਟਸ 'ਤੇ ਨੈਗੇਟਿਵ ਰਿਟਰਨ ਮਿਲ ਰਿਹਾ ਸੀ। ਪਿਛਲੇ ਮਹੀਨੇ ਇਸ ਰਲੇਵੇਂ ਨੂੰ ਸੀ ਸੀ ਆਈ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਸੀ। ਲਕਸ਼ਮੀ ਨਿਵਾਸ ਬੈਂਕ ਦੇ ਰਲੇਵੇਂ ਦੀ ਯੋਜਨਾ ਸਫਲ ਬਣਾਉਣ ਲਈ ਇੰਡੀਆ ਬੁਲਸ ਹਾਊਸਿੰਗ ਫਾਈਨਾਂਸ ਨੇ ਕਈ ਜਾਇਦਾਦਾਂ ਅਤੇ ਕਾਰੋਬਾਰ ਛੱਡਣ ਦਾ ਫੈਸਲਾ ਕੀਤਾ ਸੀ, ਪਰ ਆਰ ਬੀ ਆਈ ਨੇ ਇਸ ਰਲੇਵੇਂ ਨੂੰ ਆਖਰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ।

# ਮੋਦੀ ਦਾ ਖਾਸ ਜਹਾਜ਼ ਏਅਰ ਇੰਡੀਆ ਦਾ ਨਹੀਂ, ਏਅਰਫੋਰਸ ਦਾ ਹੋਵੇਗਾ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਮਿਸਾਈਲ ਹਮਲੇ ਨੂੰ ਨਾਕਾਮ ਕਰਨ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਹਾਜ਼ ਅਗਲੇ ਸਾਲ ਜੂਨ 2020 ਤੱਕ ਭਾਰਤ ਆ ਜਾਵੇਗਾ। ਪ੍ਰਧਾਨ ਮੰਤਰੀ ਦੀ ਵਰਤੋਂ ਲਈ ਲੰਬੀ ਦੂਰੀ ਦੇ 2 ਬੋਇੰਗ-777 ਜਹਾਜ਼ ਭਾਰਤੀ ਹਵਾਈ ਫੌਜ ਦੇ ਬੇੜੇ ਵਿੱਚ ਸ਼ਾਮਲ ਹੋਣਗੇ, ਨਾ ਕਿ ਏਅਰ ਇੰਡੀਆ ਦੇ।

ਪਤਾ ਲੱਗਾ ਹੈ ਕਿ ਇਸ ਜਹਾਜ਼ ਵਿੱਚ ਮਿਸਾਈਲ ਰੱਖਿਆ ਪ੍ਰਣਾਲੀ ਹੈ, ਜੋ ਏਅਰ ਇੰਡੀਆ ਦੀ ਜਗ੍ਹਾ ਭਾਰਤੀ ਹਵਾਈ ਫੌਜ ਦੇ ਕੰਟਰੋਲ ਵਿੱਚ ਰੱਖਣ ਦੀ ਲੋੜ ਹੋ ਸਕਦੀ ਹੈ। ਉਂਜ ਵੀ ਸਰਕਾਰ ਏਅਰ ਇੰਡੀਆ ਵਿੱਚ ਆਪਣੇ ਹਿੱਸੇ ਨੂੰ ਵੇਚਣ ਦੀ ਪ੍ਰਕਿਰਿਆ ਵਿੱਚ ਹੈ। ਇੱਕ ਸਰਕਾਰੀ ਅਧਿਕਾਰੀ ਨੇ ਕਿਹਾ ਕਿ 2 ਬੋਇੰਗ-777 ਹਜਾਜ਼ਾਂ ਨੂੰ ਲੈਣ ਵਾਲੀ ਏਜੈਂਸੀ ਬਾਰੇ ਫੈਸਲਾ ਲੈਣਾ ਬਾਕੀ ਹੈ। ਇਨ੍ਹਾਂ ਜਹਾਜ਼ਾਂ ਦਾ ਉਪਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਉਪ-ਰਾਸ਼ਟਰਪਤੀ ਐਮ ਵੇਂਕੈਂਈਆ ਨਾਇਡੂ ਵੱਲੋਂ ਕੀਤਾ ਜਾਵੇਗਾ। ਅਜੇ ਤਿੰਨੋਂ ਏਅਰ ਇੰਡੀਆ ਦੇ ਬੋਇੰਗ- ਬੀ-747 ਜਹਾਜ਼ ਦੀ ਵਰਤੋਂ ਕਰਦੇ ਹਨ, ਜਿਹੜੇ ਦੋ ਦਹਾਕੇ ਤੋਂ ਵੱਧ ਪੁਰਾਣੇ ਹਨ। ਅਧਿਕਾਰੀਆਂ ਦੇ ਦੱਸਣ ਅਨੁਸਾਰ ਡਲਾਸ ਵਿੱਚ ਬਣਾਏ ਜਾ ਰਹੇ 2 ਬੋਇੰਗ-777 ਜਹਾਜ਼ ਸੁਰੱਖਿਆ ਉਪਾਵਾ ਦੇ ਪੱਖੋਂ ਅਮਰੀਕੀ ਰਾਸ਼ਟਰਪਤੀ ਦੀ ਏਅਰ ਫੋਰਸ-1 ਜਹਾਜ਼ ਦੇ ਬਰਾਬਰ ਹੋਣਗੇ।



# ਕੱਟੜ ਇਸਲਾਮਿਕ ਲੋਕਾਂ ਘਰ ਬਹੁਤੇ ਪੈਦਾ ਹੋਏ ਬੱਚੇ ਅਤਿਵਾਦੀ ਬਣਨਗੇ: ਰਾਮ ਵਿਲਾਸ ਵੇਦਾਂਤੀ

ਇਟਾਵਾ, 10 ਅਕਤੂਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਸਾਬਕਾ ਪਾਰਲੀਮੈਂਟ ਮੈਂਬਰ ਰਾਮ ਵਿਲਾਸ ਵੇਦਾਂਤੀ ਨੇ ਵਿਵਾਦਤ ਬਿਆਨ ਦਿੱਤਾ ਹੈ। ਉੱਤਰ ਪ੍ਰਦੇਸ਼ ਦੇ ਇਟਾਵਾ ਵਿਚ ਇਸ ਮੰਗਲਵਾਰ ਦੁਸਹਿਰੇ ਮੌਕੇ ਸ੍ਰੀਰਾਮ ਯਾਤਰਾ ਵਿਚ ਸ਼ਾਮਲ ਹੋਣ ਆਏ ਵੇਦਾਂਤੀ ਨੇ ਜਨਤਾ ਨੂੰ ਸੰਬੋਧਨ ਕਰਦੇ ਹੋਏ ਸਾਫ ਕਿਹਾ ਕਿ ਇਕ ਧਰਮ ਦੇ ਲੋਕਾਂ ਦੀ ਅਬਾਦੀ ਲਗਾਤਾਰ ਵਧੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੱਟੜ ਇਸਲਾਮਿਕ ਲੋਕ ਬਹੁਤੇ ਬੱਚੇ ਪੈਦਾ ਕਰਦੇ ਹਨ ਤਾਂ ਉਹ ਅਤਿਵਾਦੀ ਹੀ ਬਣਨਗੇ। ਰਾਮ ਵਿਲਾਸ ਵੇਦਾਂਤੀ ਦੇ ਮੁਤਾਬਕ ਇਸੇ ਕਾਰਨ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਹੈ ਕਿ ਜਨ ਸੰਖਿਆ ਕੰਟਰੋਲ ਕਾਨੂੰਨ ਪਾਸ ਕੀਤਾ ਜਾਵੇਗਾ।



ਸਾਬਕਾ ਪਾਰਲੀਮੈਂਟ ਮੈਂਬਰ ਅਤੇ ਭਾਜਪਾ ਆਗੂ ਵੇਦਾਂਤੀ ਦਾ ਇਕ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿਚ ਉਹ ਕਹਿ ਰਹੇ ਹਨ, 'ਦੇਸ਼ ਵਿਚ ਜਨ ਸੰਖਿਆ ਭਿਆਨਕ ਰੂਪ ਨਾਲ ਵਧੀ ਜਾਂਦੀ ਹੈ। ਇਕ ਖਾਸ ਵਰਗ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਅਜਿਹੇ ਵੀ ਲੋਕ ਹਨ, ਜੋ ਇਕ ਨਹੀਂ, ਚਾਰ ਵਿਆਹ ਕਰਦੇ ਤੇ ਚਾਰ ਵਿਆਹ ਤੋਂ ਪਿੱਛੋਂ ਤਲਾਕ ਦੇ ਦਿੰਦੇ ਹਨ। ਅਯੋਧਿਆ ਨੇੜਲੇ ਇਲਾਕੇ ਦੇ ਇਕ 80 ਸਾਲਾ ਮੁਸਲਮਾਨ ਨੇ 40 ਵਿਆਹ ਕਰ ਕੇ 107 ਲੜਕੇ ਪੈਦਾ ਕੀਤੇ। ਇਕ ਵਿਅਕਤੀ 107 ਬੱਚੇ ਪੈਦਾ ਕਰੇਗਾ ਤਾਂ ਕੀ ਹੋਵੇਗਾ। ਅਤਿਵਾਦੀ ਹੀ ਬਣਨਗੇ ਨਾ'।

ਵੇਦਾਂਤੀ ਨੇ ਅਪਣੇ ਭਾਸ਼ਣ ਦੌਰਾਨ ਸਮਾਜਵਾਦੀ ਪਾਰਟੀ ਅਤੇ ਬਸਪਾ ਉੱਤੇ ਨਿਸ਼ਾਨਾ ਲਾਉਂਦੇ ਹੋਏ ਦੋਵਾਂ ਧਿਰਾਂ ਉੱਤੇ ਅਤਿਵਾਦੀਆਂ ਦਾ ਸਮਰਥਨ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਤੁਲਨਾ ਭਗਵਾਨ ਰਾਮ ਤੇ ਲਸ਼ਮਣ ਨਾਲ ਕੀਤੀ ਅਤੇ ਰਾਮ ਮੰਦਰ ਮੁੱਦੇ ਉੱਤੇ ਸੁਝਾਅ ਦਿੱਤਾ ਕਿ ਹਿੰਦੂ ਸੁਪਰੀਮ ਕੋਰਟ ਵਿਚ ਵਿਸ਼ਵਾਸ ਰੱਖਦੇ ਹਨ। ਕੋਰਟ ਦੀ ਤੁਲਨਾ ਹੰਸ ਨਾਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਿਵੇਂ ਹੰਸ ਚੁਣ ਕੇ ਫੈਸਲਾ ਲੈਂਦਾ ਹੈ, ਉਸੇ ਤਰ੍ਹਾਂ ਸੁਪਰੀਮ ਕੋਰਟ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਕਰ ਕੇ ਫੈਸਲਾ ਕਰਨ ਵਾਲੀ ਹੈ।

# ਇਨਫੋਰਸਮੈਂਟ ਵੱਲੋਂ ਕਾਰਤੀ ਚਿਦੰਬਰਮ ਤੋਂ ਪੁੱਛਗਿੱਛ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੇ ਪੁੱਤਰ ਕਾਰਤੀ ਚਿਦੰਬਰਮ ਕੱਲ੍ਹ ਆਈ ਐਨ ਐਕਸ ਮੀਡੀਆ ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਸਾਹਮਣੇ ਪੇਸ਼ ਹੋਏ। ਈ ਡੀ ਨੇ ਨਵੇਂ ਸਿਰੇ ਤੋਂ ਪੁੱਛਗਿੱਛ ਲਈ ਤਾਮਿਲਨਾਡੂ ਦੇ ਸ਼ਿਵਗੰਗਾ ਤੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਕਾਰਤੀ ਨੂੰ ਸੰਮਨ ਭੇਜਿਆ ਸੀ ਅਤੇ ਇਸ ਸਿਲਸਿਲੇ ਵਿੱਚ ਪੁੱਛਗਿੱਛ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਇਸ ਮਾਮਲੇ 'ਚ ਕਾਰਤੀ ਤੋਂ ਪਹਿਲਾਂ ਵੀ ਕਈ ਵਾਰ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦਾ ਬਿਆਨ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ ਐਮ ਐਲ ਏ) ਹੇਠ ਦਰਜ ਕੀਤਾ ਗਿਆ ਹੈ। ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਇਸ ਕੇਸ ਵਿੱਚ ਉਨ੍ਹਾਂ ਦੇ ਪਿਤਾ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਪੀ ਚਿਦੰਬਰਮ ਨੂੰ ਗ੍ਰਿਫਤਾਰ ਕੀਤਾ ਸੀ। ਉਹ ਤਿਹਾੜ ਜੇਲ੍ਹ ਵਿੱਚ ਬੰਦ ਹਨ। ਆਈ ਐਨ ਐਕਸ ਮੀਡੀਆ ਕੇਸ 'ਚ ਈ ਡੀ ਨੇ ਪਿਛਲੇ ਸਾਲ ਭਾਰਤ, ਬ੍ਰਿਟੇਨ ਅਤੇ ਸਪੇਨ 'ਚ ਕਾਰਤੀ ਦੀ 54 ਕਰੋੜ ਰੁਪਏ ਦੀ ਜਾਇਦਾਦਾਂ ਵੀ ਜ਼ਬਤ ਕੀਤੀਆਂ ਸਨ।



ਜਾਂਚ ਏਜੰਸੀ ਨੇ ਪਹਿਲਾਂ ਹੀ ਦੋਸ਼ ਲਗਾਇਆ ਸੀ ਕਿ ਪੀ ਚਿਦੰਬਰਮ ਤੇ ਕਾਰਤੀ ਭਾਰਤ ਦੇ ਨਾਲ-ਨਾਲ ਵਿਦੇਸ਼ ਵਿੱਚ ਕਈ ਮੁਖੌਟਾ ਕੰਪਨੀਆਂ ਦੇ ਮਾਲਿਕ ਹਨ। ਖਜ਼ਾਨਾ ਮੰਤਰੀ ਵਜੋਂ ਚਿਦੰਬਰਮ ਦੇ ਕਾਰਜਕਾਲ ਵਿੱਚ ਆਈ ਐਨ ਐਕਸ ਮੀਡੀਆ ਗਰੁੱਪ ਨੂੰ ਵਿਦੇਸ਼ੀ ਨਿਵੇਸ਼ ਉਤਸ਼ਾਹ ਬੋਰਡ (ਐਫ ਆਈ ਪੀ ਬੀ) ਤੋਂ ਮਨਜ਼ੂਰੀ ਮਿਲੀ ਸੀ। ਇਸ 'ਚ ਬੇਨਿਯਮੀਆਂ ਦਾ ਦੋਸ਼ ਹੈ। ਈ ਡੀ ਮੁਤਾਬਕ ਏਜੰਸੀ ਨੇ ਜਾਂਚ ਦੌਰਾਨ ਦੇਖਿਆ ਕਿ ਪਿਤਾ-ਪੁੱਤਰ ਨੇ ਰਿਸ਼ਵਤ ਲਈ ਤੇ ਉਸ ਦਾ ਇਸਤੇਮਾਲ ਆਪਣੀਆਂ ਨਿੱਜੀ ਲੋੜਾਂ ਨੂੰ ਪੂਰਾ ਕਰਨ ਲਈ ਕੀਤਾ। ਦੋਵਾਂ ਨੇ ਦੋ ਦਰਜਨ ਵਿਦੇਸ਼ੀ ਖਾਤਿਆਂ 'ਚ ਪੈਸੇ ਜਮ੍ਹਾ ਕੀਤੇ ਤੇ ਉਨ੍ਹਾਂ ਤੋਂ ਮਲੇਸ਼ੀਆ, ਯੂਕੇ ਤੇ ਸਪੇਨ ਆਦਿ ਦੇਸ਼ਾਂ 'ਚ ਕਈ ਜਾਇਦਾਦਾਂ ਖਰੀਦੀਆਂ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111



# ਕਾਸ਼ ਮੈਂ 500 ਭ੍ਰਿਸ਼ਟ ਲੋਕਾਂ ਨੂੰ ਚੀਨ ਵਾਂਗ ਜੇਲ੍ਹ ਵਿੱਚ ਪਾ ਸਕਦਾ : ਇਮਰਾਨ



ਬੀਜਿੰਗ, 10 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕੱਲ੍ਹ ਕਿਹਾ ਕਿ ਉਹ ਚਾਹੁੰਦੇ ਹਨ ਕਿ ਕਾਸ਼ ਉਹ ਵੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਚੀਨ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਗਈ ਮੁਹਿੰਮ ਵਾਂਗ ਪਾਕਿਸਤਾਨ ਵਿੱਚ 500 ਭ੍ਰਿਸ਼ਟ ਲੋਕਾਂ ਨੂੰ ਜੇਲ੍ਹ ਵਿੱਚ ਪਾ ਸਕਦੇ।

ਇਮਰਾਨ ਖਾਨ ਨੇ ਇਥੇ ਚੀਨ ਦੀ ਕੌਂਸਲ ਫਾਰ ਪ੍ਰਮੋਸ਼ਨ ਆਫ ਇੰਟਰਨੈਸ਼ਨਲ ਟਰੇਡ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਪਾਕਿਸਤਾਨ ਵਿੱਚ ਨਿਵੇਸ਼ ਦੇ ਰਾਹ ਵਿੱਚ ਕਿ ਵੱਡੀ ਰੁਕਾਵਟ ਬਣ ਗਿਆ ਹੈ ਅਤੇ ਉਸ ਨੇ ਚੀਨ ਦੀ ਅਗਵਾਈ ਵਿੱਚ ਭ੍ਰਿਸ਼ਟਾਚਾਰ ਨੂੰ ਰੋਕਣਾ ਚਾਹਿਆ ਹੈ। ਦੋ ਦਿਨਾਂ ਦੌਰੇ ਉੱਤੇ ਚੀਨ ਆਏ ਇਮਰਾਨ ਦੇ ਹਵਾਲੇ ਨਾਲ ਡਾਨ ਅਖਬਾਰ ਨੇ ਲਿਖਿਆ, ਰਾਸ਼ਟਰਪਤੀ ਸ਼ੀ ਜਿਨਪਿੰਗ ਦੀਆਂ ਵੱਡੀਆਂ ਮੁਹਿੰਮਾਂ ਵਿੱਚੋਂ ਇੱਕ ਮੁਹਿੰਮ ਭ੍ਰਿਸ਼ਟਾਚਾਰ ਦੇ ਖਿਲਾਫ ਹੈ। ਖਾਨ ਨੇ ਕਿਹਾ ਕਿ ਉਨ੍ਹਾਂ ਨੇ ਚੀਨ ਵਿੱਚ ਜਿਨਪਿੰਗ ਦੇ ਸ਼ਾਸਨ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਤਕਰੀਬਨ 400 ਮੰਤਰੀ ਪੱਧਰ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਇਆ ਅਤੇ ਜੇਲ੍ਹ ਵਿੱਚ ਸੁੱਟਣ ਦੀਆਂ ਗੱਲਾਂ ਸੁਣੀਆਂ ਹਨ। ਇਮਰਾਨ ਚੀਨ 2012 ਵਿੱਚ ਚਲਾਈ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਦਾ ਜ਼ਿਕਰ ਕਰ ਰਹੇ ਸਨ, ਜਿਸ ਵਿੱਚ ਵੱਖ-ਵੱਖ ਪੱਧਰਾਂ 'ਤੇ 13 ਲੱਖ ਤੋਂ ਵੱਧ ਲੋਕਾਂ ਨੂੰ ਪੜਤਾਲ ਅਧੀਨ ਲਿਆ ਗਿਆ ਸੀ। ਖਾਨ ਨੇ ਕਿਹਾ, ਕਾਸ਼ ਮੈਂ ਰਾਸ਼ਟਰਪਤੀ ਸ਼ੀ ਦੀ ਮਿਸਾਲ ਕਾਇਮ ਕਰ ਸਕਦਾ ਅਤੇ 500 ਭ੍ਰਿਸ਼ਟ ਲੋਕਾਂ ਨੂੰ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਕਰ ਸਕਦਾ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਪਾਕਿਸਤਾਨ ਵਿੱਚ ਮਾਮਲਿਆਂ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ।

# ਟਰੰਪ ਦੇ ਖ਼ਿਲਾਫ਼ ਮਹਾਦੋਸ਼ ਦੀ ਮੰਗ ਬਿਡੇਨ ਨੇ ਵੀ ਚੁੱਕ ਦਿੱਤੀ



ਵਾਸ਼ਿੰਗਟਨ, 10 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਤੇ ਡੈਮੋਕ੍ਰੇਟਿਕ ਪਾਰਟੀ ਤੋਂ ਰਾਸ਼ਟਰਪਤੀ ਅਹੁਦੇ ਦੇ ਪ੍ਰਮੁੱਖ ਦਾਅਵੇਦਾਰ ਜੋ ਬਿਡੇਨ ਨੇ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦੀ ਮੰਗ ਕੀਤੀ ਹੈ। ਪਹਿਲੀ ਵਾਰ ਇਹ ਮੰਗ ਉਠਾਉਂਦੇ ਹੋਏ ਬਿਡੇਨ ਨੇ ਕਿਹਾ ਕਿ ਟਰੰਪ ਅਮਰੀਕੀ ਲੋਕਤੰਤਰ ਲਈ ਖ਼ਤਰਾ ਹਨ ਤੇ ਉਨ੍ਹਾਂ ਨੇ ਅਹੁਦੇ ਦੀ ਸਹੁੰ ਦੀ ਉਲੰਘਣਾ ਕੀਤੀ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਯੂਕ੍ਰੇਨੀ ਰਾਸ਼ਟਰਪਤੀ ਵੋਲੋਦੀਮੀਰ ਜੇਲੇਂਸਕੀ ਨੂੰ 25 ਜੁਲਾਈ ਨੂੰ ਫੋਨ ਕਰ ਕੇ ਬਿਡੇਨ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਸੌਦਿਆਂ ਦੀ ਜਾਂਚ ਕਰਾਉਣ ਦਾ ਦਬਾਅ ਪਾਇਆ ਸੀ। ਬਿਡੇਨ ਦੀ ਪਾਰਟੀ ਨੇ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਦੀ ਜਾਂਚ ਸ਼ੁਰੂ ਕੀਤੀ ਹੋਈ ਹੈ। ਡੈਮੋਕ੍ਰੇਟ ਮੈਂਬਰਾਂ ਦਾ ਕਹਿਣਾ ਹੈ ਕਿ ਟਰੰਪ ਨੇ ਯੂਕ੍ਰੇਨ ਵਿੱਚ ਅਮਰੀਕੀ ਫ਼ੌਜੀ ਮਦਦ ਰੋਕ ਕੇ ਓਥੋਂ ਦੇ ਰਾਸ਼ਟਰਪਤੀ ਨੂੰ ਏਦਾਂ ਕਰਨ ਨੂੰ ਮਜਬੂਰ ਕੀਤਾ। ਟਰੰਪ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਤੇ ਮਹਾਦੋਸ਼ ਦੀ ਜਾਂਚ ਨੂੰ ਮੰਦੀ ਭਾਵਨਾ ਤੋਂ ਪ੍ਰੇਰਿਤ ਦੱਸਿਆ ਹੈ।

ਕੱਲ੍ਹ ਨਿਊ ਹੈਂਪਸ਼ਾਇਰ ਵਿੱਚ ਇਕ ਚੋਣ ਰੈਲੀ ਵਿੱਚ ਬਿਡੇਨ ਨੇ ਕਿਹਾ, 'ਅਮਰੀਕਾ ਦੇ ਇਤਿਹਾਸ ਵਿੱਚ ਕਦੇ ਵੀ ਕਿਸੇ ਰਾਸ਼ਟਰਪਤੀ ਨੇ ਏਦਾਂ ਦਾ ਅਨੋਖਾ ਵਿਹਾਰ ਨਹੀਂ ਕੀਤਾ। ਆਪਣੇ ਬਿਆਨਾਂ ਅਤੇ ਕੰਮਾਂ ਨਾਲ ਟਰੰਪ ਨੇ ਖ਼ੁਦ ਨੂੰ ਦੋਸ਼ੀ ਸਾਬਤ ਕੀਤਾ ਹੈ। ਉਨ੍ਹਾਂ ਨੇ ਨਿਆਂ ਪ੍ਰਕਿਰਿਆ ਵਿੱਚ ਰੁਕਾਵਟ ਪਾ ਕੇ ਅਤੇ ਕਾਂਗਰਸ ਦੀ ਜਾਂਚ ਵਿੱਚ ਸਹਿਯੋਗ ਨਾ ਕਰ ਕੇ ਖ਼ੁਦ ਨੂੰ ਦੋਸ਼ੀ ਠਹਿਰਾ ਦਿੱਤਾ ਹੈ।'

ਡੋਨਾਲਡ ਟਰੰਪ ਉੱਤੇ ਮਹਾਦੋਸ਼ ਚਲਾਉਣ ਦੀ ਪਹਿਲੀ ਵਾਰ ਜਨਤਕ ਤੌਰ ਉੱਤੇ ਹਮਾਇਤ ਕਰਦਿਆਂ ਬਿਡੇਨ ਨੇ ਕਿਹਾ, 'ਅਮਰੀਕੀ ਜਨਤਾ ਸਾਫ਼ ਦੇਖ ਰਹੀ ਹੈ ਕਿ ਟਰੰਪ ਨੇ ਅਹੁਦੇ ਦੀ ਸਹੁੰ ਦੀ ਉਲੰਘਣਾ ਕੀਤੀ ਹੈ, ਦੇਸ਼ ਨੂੰ ਧੋਖਾ ਦਿੱਤਾ ਤੇ ਮਹਾਦੋਸ਼ ਦੇ ਲਾਇਕ ਕੰਮ ਕੀਤੇ। ਸਾਡੇ ਸੰਵਿਧਾਨ, ਲੋਕਤੰਤਰ ਅਤੇ ਬੁਨਿਆਦੀ ਏਕਤਾ ਬਚਾਉਣ ਦੀ ਖ਼ਾਤਰ ਉਨ੍ਹਾਂ ਉੱਤੇ ਜ਼ਰੂਰ ਮਹਾਦੋਸ਼ ਚਲਾਇਆ ਜਾਣਾ ਚਾਹੀਦਾ ਹੈ।'

ਜੋ ਬਿਡੇਨ ਦੇ ਬਿਆਨ ਉੱਤੇ ਪਲਟਵਾਰ ਕਰਦਿਆਂ ਟਰੰਪ ਨੇ ਉਨ੍ਹਾਂ ਨੂੰ ਭ੍ਰਿਸ਼ਟਾਚਾਰੀ ਕਿਹਾ। ਵ੍ਹਾਈਟ ਹਾਊਸ ਦੀ ਪ੍ਰੈੱਸ ਕਾਨਫਰੰਸ ਵਿੱਚ ਉਨ੍ਹਾਂ ਕਿਹਾ ਕਿ ਅਸੀਂ ਬਿਡੇਨ ਨੂੰ ਭ੍ਰਿਸ਼ਟਾਚਾਰ ਨਾਲ ਫੜਿਆ ਹੈ। ਟਰੰਪ ਨੇ ਬਿਡੇਨ ਦੇ ਪੁੱਤਰ ਉੱਤੇ ਵੀ ਯੂਕ੍ਰੇਨ ਵਿੱਚ ਭਿਰਸ਼ਟਾਚਾਰ ਕਰਨ ਦੇ ਦੋਸ਼ ਲਾਏ ਅਤੇ ਦਾਅਵਾ ਕੀਤਾ ਕਿ ਬਿਡੇਨ ਦੇ ਰਾਸ਼ਟਰਪਤੀ ਬਣਨ ਦੀ ਕੋਈ ਸੰਭਾਵਨਾ ਹੀ ਨਹੀਂ ਹੈ। ਇਸ ਨਾਲ ਬਹਿਸ ਅੱਗੇ ਵਧ ਗਈ ਹੈ

## ਯੂਜ਼ਰਸ ਡਾਟਾ ਗਲਤੀ ਨਾਲ ਵਰਤਿਆ ਗਿਆ: ਟਵਿੱਟਰ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਮਾਈਕ੍ਰੋਬਲਾਗਿੰਗ ਪਲੇਟਫਾਰਮ ਟਵਿੱਟਰ ਨੇ ਸਵੀਕਾਰ ਕੀਤਾ ਹੈ ਕਿ ਯੂਜ਼ਰਸ ਵੱਲੋਂ ਸੁਰੱਖਿਆ ਦੇ ਮਕਸਦ ਨਾਲ ਦਿੱਤੇ ਈਮੇਲ ਐਡਰੈੱਸ ਅਤੇ ਫੋਨ ਨੰਬਰਾਂ ਜਿਵੇਂ ਡਾਟਾ ਨੂੰ ਅਣਜਾਣੇ ਵਿੱਚ ਇਸ਼ਤਿਹਾਰ ਲਈ ਵਰਤਿਆ ਗਿਆ ਹੈ। ਇਸ ਲਈ ਕੰਪਨੀ ਨੇ ਯੂਜ਼ਰਸ ਤੋਂ ਮਾਫੀ ਮੰਗੀ ਹੈ।

ਟਵਿੱਟਰ ਨੇ ਕਿਹਾ, 'ਸਾਨੂੰ ਪਿੱਛੇ ਜਿਹੇ ਪਤਾ ਲੱਗਾ ਹੈ ਕਿ ਅਕਾਊਂਟ ਸੁਰੱਖਿਆ ਦੇ ਉਦੇਸ਼ ਨਾਲ ਦਿੱਤੇ ਗਏ ਕੁਝ ਈਮੇਲ ਐਡਰੈੱਸ ਅਤੇ ਫੋਨ ਨੰਬਰਾਂ ਦਾ ਸੰਭਵ ਤੌਰ 'ਤੇ ਅਣਜਾਣੇ ਵਿੱਚ ਇਸ਼ਤਿਹਾਰ ਲਈ ਇਸਤੇਮਾਲ ਕੀਤਾ ਗਿਆ ਹੈ, ਪਰ ਅੱਜਕੱਲ੍ਹ ਇਹ ਨਹੀਂ ਹੋ ਰਿਹਾ ਅਤੇ ਅਸੀ ਹਾਲਾਤ ਦੇ ਬਾਰੇ ਵਿੱਚ ਤੁਹਾਨੂੰ ਵੱਧ ਸਪਸ਼ਟ ਕਰਨਾ ਚਾਹੁੰਦੇ ਹਾਂ।'

ਟਵਿੱਟਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹ ਨਿਸ਼ਚਿਤ ਤੌਰ 'ਤੇ ਨਹੀਂ ਦੱਸ ਸਕਦੇ ਕਿ ਇਸ ਨਾਲ ਕਿੰਨੇ ਲੋਕ ਪ੍ਰਭਾਵਿਤ ਹੋਏ ਹਨ, ਪਰ ਪਾਰਦਰਸ਼ਿਤਾ ਦੀਆਂ ਕੋਸ਼ਿਸ਼ਾਂ ਹੇਠ ਅਸੀਂ ਸਭ ਨੂੰ ਜਾਗਰੂਕ ਕਰਨਾ ਚਾਹੁੰਦੇ ਹਾਂ। ਕੰਪਨੀ ਨੇ ਅੱਗੇ ਕਿਹਾ ਕਿ ਕੋਈ ਵੀ ਨਿੱਜੀ ਡਾਟਾ ਕਿਸੇ ਭਾਈਵਾਲ ਜਾਂ ਕਿਸੇ ਹੋਰ ਤੀਜੇ ਪੱਖ ਨਾਲ ਬਾਹਰੀ ਤੌਰ 'ਤੇ ਸਾਂਝਾ ਨਹੀਂ ਕੀਤਾ ਗਿਆ।

## ਸੁਭਾਸ਼ ਚੰਦਰਾ ਦੀ ਕੰਪਨੀ ਵਾਲੇ ਜ਼ੀ ਗਰੁੱਪ ਦਾ ਅਖਬਾਰ ਡੀ ਐੱਨ ਏ ਬੰਦ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਡੇਲੀ ਨਿਊਜ਼ ਐਂਡ ਐਨਾਲਾਇਸਸ (ਡੀ ਐੱਨ ਏ) ਨੇ ਕੱਲ੍ਹ ਆਪਣੇ ਪ੍ਰਿੰਟ ਐਡੀਸ਼ਨ ਬੰਦ ਕਰਨ ਦਾ ਐਲਾਨ ਕਰ ਦਿੱਤਾ। ਆਪਣੀ ਮੂਲ ਕੰਪਨੀ ਜ਼ੀ ਗਰੁੱਪ ਲਈ ਨਕਦੀ ਸੰਕਟ ਕਾਰਨ ਡੀ ਐੱਨ ਏ ਨੇ ਇਹ ਫੈਸਲਾ ਕੀਤਾ ਅਤੇ ਕਿਹਾ ਕਿ ਉਹ ਸਿਰਫ ਡਿਜੀਟਲ ਐਡੀਸ਼ਨ ਵੱਲ ਧਿਆਨ ਦੇਵੇਗਾ। ਮਿਲੀ ਜਾਣਕਾਰੀ ਅਨੁਸਾਰ ਇਸ ਦਾ ਇੱਕ ਕਾਰਨ ਪਾਠਕਾਂ ਦੀ ਪੜ੍ਹਨ ਦੀ ਰੁਚੀ ਵਿੱਚ ਬਦਲਾਅ ਆਉਣਾ ਹੈ। ਡੀ ਐੱਨ ਏ 14 ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਸਵੇਰ ਦੇ ਇਸ ਅਖਬਾਰ ਦੀ ਦਿੱਲੀ ਅਤੇ ਹੋਰ ਕੇਂਦਰਾਂ ਤੋਂ ਛਪਾਈ ਪਹਿਲਾਂ ਹੀ ਬੰਦ ਹੋ ਚੁੱਕੀ ਹੈ। ਜ਼ੀ ਗਰੁੱਪ ਦੇ ਸੁਭਾਸ਼ ਚੰਦਰਾ ਦੀ ਅਗਵਾਈ ਵਾਲੇ ਐਕਸਲ ਗਰੁੱਪ ਦੀ ਮਾਲਕੀ ਵਾਲੇ ਬ੍ਰਾਡਸ਼ੀਟ ਅਖਬਾਰ ਨੇ ਕਿਹਾ ਕਿ ਮੁੰਬਈ ਅਤੇ ਅਹਿਮਦਾਬਾਦ ਤੋਂ ਡੀ ਐੱਨ ਏ ਦਾ ਆਖਰੀ ਅੰਕ ਵੀਰਵਾਰ ਕੱਢ ਕੇ ਬੰਦ ਹੋ ਗਿਆ ਸਮਝ ਲਿਆ ਜਾਵੇ।

# ਪਾਕਿ ਦਾ ਗਵਾਦਰ ਸ਼ਹਿਰ ਕਰਾਚੀ ਨੂੰ ਸੱਤ ਸਾਲ ਵਿੱਚ ਪਿੱਛੇ ਛੱਡ ਦੇਵੇਗਾ



ਇਸਲਾਮਾਬਾਦ, 10 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਰਣਨੀਤੀਕਾਰ ਗਵਾਦਰ ਬੰਦਰਗਾਹ ਦੇ ਵਾਸਤੇ ਚੀਨੀ ਆਪ੍ਰੇਟਰ ਨੇ ਕਿਹਾ ਹੈ ਕਿ ਸਮੁੰਦਰੀ ਕੰਢੇ ਦਾ ਇਹ ਸ਼ਹਿਰ ਅਗਲੇ ਸੱਤ ਸਾਲਾ 'ਚ ਵਿਕਾਸ 'ਚ ਕਰਾਚੀ ਨੂੰ ਪਿੱਛੇ ਛੱਡ ਦੇਵੇਗਾ। ਇਕੱਲੇ ਗਵਾਦਰ 'ਚ ਇਸ ਦੌਰਾਨ 47 ਹਜ਼ਾਰ ਨਵੀਆ ਨੌਕਰੀਆਂ ਪੈਦਾ ਹੋਣਗੀਆਂ। ਇਹ ਪਾਕਿਸਤਾਨ ਦੀ ਅਰਬ ਵਿਵਸਥਾ ਦੇ ਵਿਕਾਸ 'ਚ ਸਭ ਤੋਂ ਵੱਧ ਯੋਗਦਾਨ ਦੇਣ ਵਾਲਾ ਸ਼ਹਿਰ ਹੋਵੇਗਾ। ਬਲੋਚਿਸਤਾਨ ਸੂਬੇ ਦਾ ਇਹ ਸ਼ਹਿਰ ਚੀਨ-ਪਾਕਿਸਤਾਨ ਇਕੋਨਾਮਿਕ ਕਾਰੀਡੋਰ (ਸੀ ਪੀ ਈ ਸੀ) ਦਾ ਆਖਰੀ ਪੜਾਅ ਹੈ ਤੇ ਇੱਥੋਂ ਦੀ ਬੰਦਰਗਾਹ ਤੋਂ ਚੀਨ ਦੇ ਵੱਡੇ ਇਲਾਕੇ ਦਾ ਮਾਲ ਪੱਛਮੀ ਦੇਸ਼ਾਂ ਤੇ ਯੂਰੋਪ ਨੂੰ ਜਾਂਦਾ ਹੈ।

ਇਹ ਗੱਲ ਚੀਨ ਓਵਰਸੀਜ਼ ਪੋਰਟਸ ਹੋਲਡਿੰਗ ਕੰਪਨੀ (ਸੀ ਓ ਪੀ ਐਚ ਸੀ) ਗਵਾਦਾਰ ਦੇ ਚੇਅਰਮੈਨ ਝਾਂਗ ਬਾਓਜੋਂਗ ਨੇ ਕਹੀ ਹੈ। ਬਾਓਜੋਂਗ ਦੀ ਇਹ ਪ੍ਰਤੀਕਿਰਿਆ ਪਾਕਿਸਤਾਨ ਸਰਕਾਰ ਦੇ ਗਵਾਦਰ ਨੂੰ 23 ਸਾਲ ਲਈ ਵੱਖ-ਵੱਖ ਟੈਕਸਾਂ ਤੋਂ ਛੋਟ ਦੇਣ ਦੇ ਫੈਸਲੇ ਤੋਂ ਬਾਅਦ ਆਈ ਹੈ। ਗਵਾਦਰ ਬੰਦਰਗਾਹ ਤੋਂ ਮਾਲ ਭੇਜਣ 'ਤੇ ਵਿਕਰੀ ਟੈਕਸ ਅਤੇ ਕਸਟਮ ਡਿਊਟੀ 'ਚ ਛੋਟ ਦਿੱਤੀ ਜਾਵੇਗੀ। ਸਰਕਾਰ ਨੇ ਗਵਾਦਰ ਨੂੰ ਫਰੀ ਜ਼ੋਨ ਐਲਾਨ ਕੀਤਾ ਹੈ। ਬਾਓਝਾਂਗ ਨੇ ਕਿਹਾ ਹੈ ਕਿ ਸਰਕਾਰ ਦਾ ਇਹ ਫੈਸਲਾ ਪਾਕਿਸਤਾਨ ਦੀ ਅਰਬ ਵਿਵਸਥਾ 'ਚ ਤਸਵੀਰ ਬਦਲਣ 'ਚ ਕਾਂਗਰਸ ਸਾਬਿਤ ਹੋਵੇਗਾ। ਇਸ ਫੈਸਲੇ ਤੋਂ ਗਵਾਦਰ 'ਚ ਅਰਬਾਂ ਡਾਲਰ ਦੇ ਨਿਵੇਸ਼ ਦਾ ਰਸਤਾ ਖੁੱਲ੍ਹ ਗਿਆ ਹੈ। ਵਰਨਣ ਯੋਗ ਹੈ ਕਿ ਅਜੇ ਕਰਾਚੀ ਪਾਕਿਸਤਾਨ ਦਾ ਸਭ ਤੋਂ ਵੱਧ ਵਿਕਸਤ ਅਤੇ ਟੈਕਸ ਦੇਣ ਵਾਲਾ ਸ਼ਹਿਰ ਹੈ। ਚੀਨ ਨੇ ਵਨ ਰੋਡ-ਵਨ ਬੈਲਟ ਮੁਹਿੰਮ ਹੇਠ 2015 ਵਿੱਚ ਸੀ ਪੀ ਈ ਸੀ ਦਾ ਕੰਮ ਸ਼ੁਰੂ ਕੀਤਾ ਸੀ। ਇਹ ਚੀਨ ਦੀ ਖਣਿਜ ਜਾਇਦਾਦ ਨਾਲ ਭਰਪੂਰ ਉਈਗਰ ਬਹੁਗਿਣਤੀ ਵਾਲੇ ਸ਼ਿਨਿਜਆਂਗ ਸੂਬੇ ਨੂੰ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਦੇ ਗਵਾਦਰ ਬੰਦਰਗਾਹ ਨੂੰ ਜੋੜਦਾ ਹੈ। ਇਸ ਨਾਲ ਚੀਨ ਨੇ ਪੱਛਮੀ ਏਸ਼ੀਆ ਤੇ ਯੂਰਪ ਦੀ ਦੂਰੀ ਕਾਫੀ ਘੱਟ ਹੋ ਗਈ ਹੈ। ਇਹ ਕਾਰੀਡੋਰ ਮਕਬੂਜ਼ਾ ਕਸ਼ਮੀਰ ਤੋਂ ਲੰਘਦਾ ਹੈ, ਇਸ 'ਤੇ ਭਾਰਤ ਨੂੰ ਸਖਤ ਇਤਰਾਜ਼ ਹੈ ਤੇ ਇਸ ਕਾਰਨ ਚੀਨ ਦੇ ਬਹੁਤ ਚਾਹੁਣ ਦੇ ਬਾਵਜੂਦ ਭਾਰਤ ਇਸ ਪ੍ਰਾਜੈਕਟ ਨਾਲ ਨਹੀਂ ਜੁੜਿਆ। ਸੀ ਪੀ ਈ ਸੀ ਤਹਿਤ ਹੀ ਗਵਾਦਰ ਬੰਦਰਗਾਹ ਦਾ ਵਿਕਾਸ ਕੀਤਾ ਗਿਆ ਹੈ ਤੇ ਇਸ ਦੀਆਂ ਕਾਰੋਬਾਰੀ ਸਰਗਰਮੀਆਂ ਨੂੰ ਚੀਨ ਕੰਟਰੋਲ ਕਰਦਾ ਹੈ।

## ਸੜਕ ਬਣਾਉਣ ਦਾ ਵਾਅਦਾ ਨਾ ਨਿਭਾਇਆ ਤਾਂ ਗੱਡੀ ਨਾਲ ਬੰਨ੍ਹ ਕੇ ਲੋਕਾਂ ਨੇ ਮੇਅਰ ਘੜੀਸਿਆ



ਮੈਕਸੀਕੋ ਸਿਟੀ, 10 ਅਕਤੂਬਰ (ਪੋਸਟ ਬਿਊਰੋ)- ਮੈਕਸੀਕੋ ਵਿੱਚ ਚਿਆਪਾਸ ਸੂਬੇ ਦੇ ਲਾਸ ਮਾਰਗਰਿਟਾਸ ਸ਼ਹਿਰ ਦੇ ਮੇਅਰ ਜਾਰਜ ਲੁਈਸ ਐਸਕੇਂਡਨ ਹਰਨਾਡੇਜ ਨੇ ਚੋਣਾਂ ਵਿੱਚ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਉਹ ਜਿੱਤ ਗਏ ਤਾਂ ਸ਼ਹਿਰ ਦਾ ਵਿਕਾਸ ਕਰਾਉਣਗੇ ਅਤੇ ਚੰਗੀਆਂ ਸੜਕਾਂ ਬਣਵਾਉਣਗੇ, ਪਰ ਜਦੋਂ ਉਨ੍ਹਾਂ ਦਾ ਕਾਰਜਕਾਲ ਪੂਰਾ ਹੋਣ ਵਾਲਾ ਹੈ ਅਤੇ ਪੇਂਡੂ ਇਲਾਕੇ ਦੀਆਂ ਸੜਕਾਂ ਨਹੀਂ ਬਣ ਸਕੀਆਂ। ਅਜਿਹੇ ਵਿੱਚ ਵਾਅਦਾ ਪੂਰਾ ਨਹੀਂ ਕਰਨ ਉਤੇ ਪਿੰਡ ਵਾਲਿਆਂ ਨੇ ਉਨ੍ਹਾਂ ਦਾ ਦਫਤਰ ਘੇਰ ਲਿਆ। ਇਹੀ ਨਹੀਂ ਜਿਵੇਂ ਮੇਅਰ ਦਫਤਰ ਤੋਂ ਬਾਹਰ ਨਿਕਲੇ, ਉਸੇ ਵੇਲੇ ਪਿੰਡ ਵਾਲਿਆਂ ਨੇ ਉਨ੍ਹਾਂ ਫੜ ਕੇ ਕਾਰ ਦੇ ਪਿੱਛੇ ਬੰਨ੍ਹ ਕੇ ਸ਼ਹਿਰ ਦੀਆਂ ਸੜਕਾਂ 'ਤੇ ਘੜੀਸਿਆ। ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਤਦ ਤੱਕ ਘਸੀਟਿਆ, ਜਦ ਤੱਕ ਪੁਲਸ ਨੇ ਦਖਲ ਨਹੀਂ ਦਿੱਤਾ।

ਇਸ ਘਟਨਾ ਵਿੱਚ ਮੇਅਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਿਸ ਬਾਰੇ ਪੁਲਸ ਅਤੇ ਪਿੰਡ ਦੇ ਲੋਕਾਂ ਵਿਚਾਲੇ ਹੱਥੋਪਾਈ ਵੀ ਹੋਈ, ਜਿਸ ਵਿੱਚ ਵੀਹ ਲੋਕ ਜ਼ਖਮੀ ਹੋਏ। ਪੁਲਸ ਨੇ ਤੀਹ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਘਟਨਾ ਦਾ 17 ਸੈਕਿੰਡ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਲੋਕ ਮੇਅਰ ਨੂੰ ਘਸੀਟਦੇ ਹੋਏ ਨਜ਼ਰ ਆ ਰਹੇ ਹਨ।

## ਨਿਰਮਲਾ ਦੇ ਗੋਲਡ ਮੈਡਲ ਖੋਹ ਕੇ ਚਾਰ ਸਾਲਾ ਪਾਬੰਦੀ ਲਾਈ



ਮੋਨਾਕੋ, 10 ਅਕਤੂਬਰ (ਪੋਸਟ ਬਿਊਰੋ)- ਟ੍ਰੈਕ ਐਂਡ ਫੀਲਡ ਦੇ ਡੋਪਿੰਗ ਮਾਮਲਿਆਂ ਨੂੰ ਕੰਟਰੋਲ ਕਰਨ ਵਾਲੀ ਸੰਸਥਾ ਅਥਲੈਟਿਕਸ ਇੰਟੇਗ੍ਰਿਟੀ ਯੂਨਿਟ (ਏ ਆਈ ਯੂ) ਨੇ ਭਾਰਤ ਦੀ ਫਰਾਟਾ ਦੌੜਾਕ ਨਿਰਮਲਾ ਸ਼ਿਓਰਾਣ ਤੋਂ ਏਸ਼ੀਅਨ ਚੈਂਪੀਅਨਸ਼ਿਪ ਦੇ ਉਨ੍ਹਾਂ ਦੇ ਦੋ ਗੋਲਡ ਮੈਡਲ ਖੋਹ ਕੇ ਉਨ੍ਹਾਂ 'ਤੇ ਚਾਰ ਸਾਲ ਦੀ ਪਾਬੰਦੀ ਲਾ ਦਿੱਤੀ ਹੈ।

ਏ ਆਈ ਯੂ ਨੇ ਨਿਰਮਲਾ ਨੂੰ ਜੂਨ 2018 ਵਿੱਚ ਘਰੇਲੂ ਚੈਂਪੀਅਨਸ਼ਿਪ ਵਿੱਚ ਸਟੇਰਾਇਡ ਡ੍ਰੋਸਤਾਨੋਲੋਨ ਤੇ ਮੇਟੇਨੋਲੋਨ ਦੀ ਵਰਤੋਂ ਦੀ ਦੋਸ਼ੀ ਪਾਇਆ ਸੀ। ਇਸ ਪਿੱਛੋਂ ਸੱਤ ਅਕਤੂਬਰ ਨੂੰ ਉਨ੍ਹਾਂ 'ਤੇ ਪਾਬੰਦੀ ਲਾ ਦਿੱਤੀ ਗਈ। ਏ ਆਈ ਯੂ ਮੁਤਾਬਕ ਇਸ ਭਾਰਤੀ ਅਥਲੀਟ ਦੇ ਖ਼ੂਨ ਦੇ ਨਮੂਨਿਆਂ 'ਚ ਗੜਬੜੀ ਪਾਈ ਗਈ ਸੀ। ਉਨ੍ਹਾਂ ਨੇ ਪਾਬੰਦੀ ਨੂੰ ਸਵੀਕਾਰ ਕਰ ਲਿਆ ਤੇ ਕੇਸ ਦੀ ਸੁਣਵਾਈ ਦੀ ਮੰਗ ਨਹੀਂ ਕੀਤੀ। ਉਨ੍ਹਾਂ ਦੀ ਪਾਬੰਦੀ 28 ਜੂਨ 2018 ਤੋਂ ਸ਼ੁਰੂ ਹੋਵੇਗੀ ਅਤੇ ਅਗਸਤ 2016 ਤੋਂ ਨਵੰਬਰ 2018 ਤੱਕ ਦੇ ਉਨ੍ਹਾਂ ਦੇ ਸਾਰੇ ਨਤੀਜਿਆਂ ਨੂੰ ਰੱਦ ਕਰ ਦਿੱਤਾ ਗਿਆ ਹੈ। ਨਿਰਮਲਾ ਨੇ 2017 ਵਿੱਚ ਭਾਰਤ ਵਿੱਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ 400 ਮੀਟਰ ਅਤੇ ਚਾਰ ਗੁਣਾ 400 ਮੀਟਰ ਰਿਲੇਅ ਵਿੱਚ ਗੋਲਡ ਮੈਡਲ ਹਾਸਲ ਕੀਤੇ ਸਨ। ਉਨ੍ਹਾਂ ਨੇ ਰੀਓ ਓਲੰਪਿਕ ਵਿੱਚ ਵੀ ਇਨ੍ਹਾਂ ਦੋ ਮੁਕਾਬਲਿਆਂ 'ਚ ਹਿੱਸਾ ਲਿਆ ਅਤੇ ਆਪਣਾ ਨਿੱਜੀ ਸਰਬੋਤਮ ਪ੍ਰਦਰਸ਼ਨ ਕਰਦੇ ਹੋਏ ਰੀਓ ਲਈ ਕੁਆਲੀਫਾਈ ਕੀਤਾ ਸੀ। 24 ਸਾਲਾ ਨਿਰਮਲਾ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਨਾਲ ਸਬੰਧ ਰੱਖਦੀ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਜਹਾਦੀ ਐਲਾਨ ਦੇ ਦੌਰਾਨ ਇਮਰਾਨ ਨੂੰ 'ਮੁਸਲਿਮ ਮੈਨ ਆਫ ਦ ਈਅਰ' ਅਵਾਰਡ ਮਿਲਿਆ

ਇਸਲਾਮਾਬਾਦ, 10 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਬਾਰੇ ਭਾਰਤ ਅਤੇ ਪਾਕਿ ਦੇ ਵਿੱਚ ਤਨਾਤਨੀ ਜਾਰੀ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਲਗਾਤਾਰ ਦੁਨੀਆਂ ਭਰ ਵਿੱਚ ਇਸ ਮੁੱਦੇ ਨੂੰ ਚੁੱਕਣ ਦੀ ਕੋਸ਼ਿਸ਼ ਕਰ ਰਹੇ ਹੈ, ਪਰ ਭਾਰਤ ਨੇ ਦੁਨੀਆਂ ਨੂੰ ਆਪਣਾ ਰੁਖ ਸਾਫ ਕਰ ਦਿੱਤਾ ਹੈ।

ਇਸ ਦੌਰਾਨ ਮੁਸਲਿਮ ਦੇਸ਼ਾਂ ਦੀ ਏਕਤਾ ਦੀ ਗੱਲ ਕਰਨ ਵਾਲੇ ਇਮਰਾਨ ਖਾਨ ਨੂੰ ਇੱਕ ਵੱਡਾ ਅਵਾਰਡ ਮਿਲ ਗਿਆ ਹੈ। ਜਾਰਡਨ ਦੀ ਇੱਕ ਸੰਸਥਾ ਰਾਇਲ ਇਸਲਾਮਿਕ ਸਟ੍ਰੈਟੇਜਿਕ ਸੈਂਟਰ ਨੇ ਇਮਰਾਨ ਖਾਨ ਨੂੰ 'ਮੁਸਲਿਮ ਮੈਨ ਆਫ ਦ ਈਅਰ' ਦੇ ਅਵਾਰਡ ਨਾਲ ਨਵਾਜਿਆ ਹੈ। ਇਮਰਾਨ ਨੂੰ ਮਿਲਿਆ ਇਹ ਸਨਮਾਨ ਉਦੋਂ ਸਾਹਮਣੇ ਆਇਆ ਹੈ ਜਦੋਂ ਯੂ ਐੱਨ ਵਿੱਚ ਉਨ੍ਹਾਂ ਨੇ ਇੱਕ ਵਾਰ ਫਿਰ ਜੇਹਾਦ ਦੀ ਗੱਲ ਕੀਤੀ ਸੀ। ਇਸ ਸੰਸਥਾ ਨੇ ਇਮਰਾਨ ਖਾਨ ਦੇ ਨਾਲ ਅਮਰੀਕੀ ਨੇਤਾ ਰਾਸ਼ਿਦਾ ਤੈਲਬ ਨੂੰ ਵੀ 'ਵੂਮੈਨ ਆਫ ਦ ਈਅਰ' ਦਾ ਅਵਾਰਡ ਦਿੱਤਾ ਹੈ।

ਵਰਨਣ ਯੋਗ ਹੈ ਕਿ ਇੱਕ ਤਰਫ ਇਮਰਾਨ ਖਾਨ ਨੂੰ ਇਹ ਸਨਾਨ ਮਿਲਿਆ ਹੈ, ਦੂਸਰੇ ਪਾਸੇ ਪਿੱਛਲੇ ਦਿਨੀਂ ਉਨ੍ਹਾਂ ਦੇ ਯੂ ਐੱਨ ਓ ਵਿੱਚ ਦਿੱਤੇ ਭਾਸ਼ਣ ਵਿੱਚ ਉਨ੍ਹਾਂ ਨੇ ਦੁਨੀਆਂ ਦੇ ਸਾਹਮਣੇ ਇੱਕ ਤਰ੍ਹਾਂ ਦਾ ਐਟਮੀ ਯੁੱਧ ਦੀ ਧਮਕੀ ਦੇ ਦਿੱਤੀ ਸੀ। ਇਮਰਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਸੀ ਕਿ ਜੇ ਕਸ਼ਮੀਰ ਮਾਮਲੇ ਉਤੇ ਦੁਨੀਆਂ ਨੇ ਦਖਲ ਨਹੀਂ ਦਿੱਤਾ, ਤਾਂ ਕਾਫੀ ਮੁਸ਼ਕਲ ਹੋ ਸਕਦੀ ਹੈ ਕਿਉਂਕਿ ਭਾਰਤ ਅਤੇ ਪਾਕਿ ਦੋ ਐਟਮ ਬੰਬ ਵਾਲੇ ਦੇਸ਼ ਹਨ, ਜੇ ਟਕਰਾਅ ਹੋਇਆ ਤਾਂ ਬਹੁਤ ਬੁਰਾ ਹੋਵੇਗਾ।

## ਇੰਦਰਾ ਨੇ ਕਦੇ ਫ਼ੌਜ ਦੇ ਨਾਂਅ ਉਤੇ ਵੋਟਾਂ ਨਹੀਂ ਮੰਗੀਆਂ: ਪਵਾਰ

ਅਕੋਲਾ, 10 ਅਕਤੂਬਰ (ਪੋਸਟ ਬਿਊਰੋ)- ਐੱਨ ਸੀ ਪੀ ਦੇ ਮੁਖੀ ਸ਼ਰਦ ਪਵਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਹਮਲਾ ਬੋਲਦਿਆਂ ਉਨ੍ਹਾਂ ਉਤੇ ਫੌਜ ਦੀ ਬਹਾਦਰੀ ਦੇ ਨਾਂਅ 'ਤੇ ਵੋਟਾਂ ਮੰਗਣ ਦਾ ਦੋਸ਼ ਲਾਇਆ ਹੈ। ਇਸ ਸੰਬੰਧ ਵਿੱਚ ਸ਼ਰਦ ਪਵਾਰ ਨੇ ਨਰਿੰਦਰ ਮੋਦੀ ਨੂੰ ਇਹ ਯਾਦ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਦੁਨੀਆ ਦਾ ਨਕਸ਼ਾ ਬਦਲਣ ਲਈ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਕਿਸਤਾਨ ਵਿਰੁੱਧ ਜੰਗ ਜਿੱਤਣ ਦਾ ਸਿਹਰਾ ਵੀ ਸੁਰੱਖਿਆ ਫੋਰਸਾਂ ਨੂੰ ਦਿੱਤਾ ਸੀ। ਪੂਰਬੀ ਮਹਾਰਾਸ਼ਟਰ ਦੇ ਬਾਲਾਪੁਰ ਸ਼ਹਿਰ ਵਿੱਚ ਚੋਣ ਰੈਲੀ ਵਿੱਚ ਪਵਾਰ ਨੇ ਕੇਂਦਰ ਅਤੇ ਮਹਾਰਾਸ਼ਟਰ ਦੀਆਂ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ 'ਤੇ ਕਿਸਾਨਾਂ ਦੀ ਹਾਲਤ ਬਾਰੇ ਚਿੰਤਤ ਨਾ ਹੋਣ ਦਾ ਦੋਸ਼ ਲਾਇਆ ਅਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ 21 ਅਕਤੂਬਰ ਨੂੰ ਹੋ ਰਹੀਆਂ ਅਸੈਂਬਲੀ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਨੂੰ ਪਛਾੜ ਦੇਣ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਖੇ ਸੀ ਆਰ ਪੀ ਐੱਫ ਕਾਫਲੇ 'ਤੇ ਹੋਏ ਹਮਲੇ ਬਾਰੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇਸ ਸਾਲ ਦੇ ਸ਼ੁਰੂ ਵਿੱਚ ਲੋਕ ਸਭਾ ਦੀਆਂ ਚੋਣਾਂ ਲਈ ਕੌਮੀ ਸੁਰੱਖਿਆ ਦੇ ਮੁੱਦੇ 'ਤੇ ਪ੍ਰਚਾਰ ਕੀਤਾ। ਫਰਵਰੀ ਵਿੱਚ ਸੀ ਆਰ ਪੀ ਐੱਫ ਦੇ ਚਾਲੀ ਜਵਾਨ ਸ਼ਹੀਦ ਹੋਏ ਸਨ। ਉਸ ਪਿੱਛੋਂ ਭਾਰਤੀ ਫ਼ੌਜ ਨੇ ਬਾਲਾਕੋਟ ਵਿਖੇ ਕਾਰਵਾਈ ਕੀਤੀ ਸੀ। ਇਸ ਘਟਨਾ ਚੱਕਰ ਬਾਰੇ ਪਵਾਰ ਨੇ ਕਿਹਾ ਕਿ ਪੁਲਵਾਮਾ ਹਮਲੇ ਦੇ ਸਾਜ਼ਿਸ਼ੀਆਂ ਨੂੰ ਭਾਰਤੀ ਹਵਾਈ ਫੌਜ ਨੇ ਮੂੰਹ-ਤੋੜ ਜਵਾਬ ਦਿੱਤਾ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਰੱਖਿਆ ਮੁਲਾਜ਼ਮਾਂ ਦੀ ਬਹਾਦਰੀ ਦੇ ਨਾਂਅ 'ਤੇ ਵੋਟਾਂ ਮੰਗੀਆਂ।

MICHELIN Hankook Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
Brake & Drum -Made in U.S - On Special Sale!
Special Sale 4 CAT Batteries $550 with Installation
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055



www.BramptonTopRelator.com

JAG AUJLA REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise But JAG AUJLA SOLD YOUR HOME WITH GUARANTEE OR HE'LL BUY IT! *Some Conditions Apply

1% Top Ranked Broker

Call For a Quick & Free Home Evaluation www.BramptonQuickHomeEvaluation.com

**2016,2015,2014,2013 **(2009,2008) 2012,2011,2010) **RE/MAX International (2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON



ਟੋਰਬਰੈਮ / ਬਵੇਰਡ

ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੇਮੀਨੇਟਡ ਫਲੋਰ ਤੇ ਸਟੇਂਨਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

BRAMPTON



ਕੰਟਰੀਸਾਈਡ/ਮਕਵੀਨ

ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON



ਬਵੇਰਡ/ਚਿੰਗੁਜੀ

SOLD AT 100% OF ASKING PRICE

BRAMPTON



ਵੈਨਲੈਸ/ ਮੇਕਲਾਗਲਿਨ

SOLD AT 100% OF ASKING PRICE IN 1 DAY

BRAMPTON



ਵੇਨਲੈਸ / ਵੇਨ-ਕ੍ਰਿਕ

ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਉਨ-ਹਾਉਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੂਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

NEED MORE LISTINGS !!!

ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ





Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare ANY Airline Time Destination Around the World

transat sunwing AIR CANADA VACATIONS WESTJET vacations

www.nuwaytravels.com

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

E-mail- info@nuwaytravels.com





Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11", ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper at: www.canadianpunjabipost.ca



ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post


## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician" to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com



STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਪਾਵਰ ਕਾਰਪੋਰੇਸ਼ਨ ਦਾ ਮੁੱਖ ਇੰਜੀਨੀਅਰ ਰਿਸ਼ਵਤਖੋਰੀ ਦੇ ਦੋਸ਼ਾਂ ਹੇਠ ਸਸਪੈਂਡ

ਅੰਮ੍ਰਿਤਸਰ, 10 ਅਕਤੂਬਰ (ਪੋਸਟ ਬਿਊਰੋ)- ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਸਰਹੱਦੀ ਜ਼ੋਨ ਦੇ ਚੀਫ ਇੰਜੀਨੀਅਰ ਸੰਦੀਪ ਕੁਮਾਰ ਨੂੰ ਡਿਊਟੀ ਤੋਂ ਕੁਤਾਹੀ/ ਅਣਗਹਿਲੀ ਦੇ ਦੋਸ਼ ਹੇਠ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ (ਸਜ਼ਾ ਅਤੇ ਅਪੀਲ) ਰੈਗੂਲੇਸ਼ਨ 1971 ਦੇ ਨਿਯਮ-4 ਅਧੀਨ ਹੇਠ ਸਸਪੈਂਡ ਮੁਅੱਤਲ ਕੀਤਾ ਗਿਆ ਹੈ।



ਵਰਨਣ ਯੋਗ ਹੈ ਕਿ ਸੋਸ਼ਲ ਮੀਡੀਏ ਉਤੇ ਕੱਲ੍ਹ ਇੱਕ ਆਡੀਓ ਵਾਇਰਲ ਹੋਈ ਸੀ, ਜਿਸ ਵਿੱਚ ਫੋਨ ਉਤੇ ਇੱਕ ਠੇਕੇਦਾਰ ਦੇ ਨਜ਼ਦੀਕੀ ਦੱਸੇ ਜਾਂਦੇ ਵਿਅਕਤੀ ਨਾਲ ਚੀਫ ਇੰਜੀਨੀਅਰ ਵੱਲੋਂ ਕੀਤੇ ਕੰਮਾਂ ਵਿੱਚੋਂ ਕਮਿਸ਼ਨ ਪੂਰਾ ਨਾ ਦਿੱਤੇ ਜਾਣ ਕਾਰਨ ਅਤੇ ਉਸ ਠੇਕੇਦਾਰ ਵੱਲੋਂ ਫੋਨ ਨਾ ਚੁੱਕਣ ਬਾਰੇ ਗੱਲਬਾਤ ਕੀਤੀ ਗਈ ਹੈ ਅਤੇ ਆਪਣਾ ਹਿੱਸਾ ਸੱਤ ਫੀਸਦੀ ਲੈਣ ਦੀ ਗੱਲਬਾਤ ਹੁੰਦੀ ਹੈ। ਇਸ ਆਡੀਓ ਵਿੱਚ ਆ ਰਹੇ ਨਾਂਅ ਦੇ ਠੇਕੇਦਾਰ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਸੇ ਤਰ੍ਹਾਂ ਦੇ ਕਮਿਸ਼ਨ ਦੀ ਕੋਈ ਵੀ ਜਾਣਕਾਰੀ ਹੋਣ ਤੋਂ ਬਿਲਕੁਲ ਇਨਕਾਰ ਕੀਤਾ, ਪਰ ਇਸ ਦੇ ਸੱਚ ਦਾ ਨਿਤਾਰਾ ਪੜਤਾਲ ਦੇ ਬਾਅਦ ਹੋਵੇਗਾ। ਸਸਪੈਂਸ਼ਨ ਸਮੇਂ ਉਪਰੋਕਤ ਅਫਸਰ ਨੂੰ ਪੰਜਾਬ ਰਾਜ ਬਿਜਲੀ ਬੋਰਡ ਦੀ ਨਿਯਮਾਂਵਲੀ 1972 ਦਾ ਭਾਗ ਇੱਕ ਦੇ ਰੈਗੂਲੇਸ਼ਨ-7/2 ਅਨੁਸਾਰ ਗੁਜ਼ਾਰਾ ਭੱਤਾ ਮਿਲੇਗਾ।

ਮੁੱਖ ਇੰਜੀਨੀਅਰ ਸੰਦੀਪ ਕੁਮਾਰ ਦੀ ਰਿਸ਼ਵਤਖੋਰੀ ਬਾਰੇ ਜਿਹੜੀ ਆਡੀਓ ਸੀ ਐੱਮ ਜੀ ਬਲਦੇਵ ਸਿੰਘ ਸਰਾਂ ਕੋਲ ਪੁੱਜੀ ਹੈ, ਉਸ ਵਿੱਚ ਮੁੱਖ ਇੰਜੀਨੀਅਰ ਇੱਕ ਠੇਕੇਦਾਰ ਨਾਲ ਗੱਲ ਕਰ ਰਿਹਾ ਹੈ, ਜਿਸ ਵਿੱਚ ਮੁੱਖ ਇੰਜੀਨੀਅਰ ਠੇਕੇਦਾਰ ਨੂੰ ਆਖਦਾ ਹੈ ਕਿ ਢਾਈ ਲੱਖ ਰੁਪਏ ਆ ਗਏ ਹਨ ਅਤੇ ਬਚਦੇ ਅੱਸੀ ਹਜ਼ਾਰ ਰੁਪਏ ਹੋਰ ਦੇਣੇ ਹਨ। ਇਸ ਦੇ ਜਵਾਬ ਵਿੱਚ ਠੇਕੇਦਾਰ ਆਖਦਾ ਹੈ ਕਿ ਉਹ ਸੋਮਵਾਰ ਨੂੰ ਉਸ ਵਿਅਕਤੀ ਨੂੰ ਤੁਹਾਡੇ ਕੋਲ ਲੈ ਆਵੇਗਾ, ਜਿਸ ਨੇ ਬਾਕੀ ਦੀ ਰਕਮ ਦੇਣੀ ਹੈ। ਮੁੱਖ ਇੰਜੀਨੀਅਰ ਇਹ ਵੀ ਆਖਦਾ ਹੈ ਕਿ ਜਿਸ ਕੰਮ ਦੀ ਕੀਮਤ 4200 ਰੁਪਏ ਹੈ, ਉਸ ਨੂੰ ਉਸ ਨੇ 4800 ਰੁਪਏ ਵਿੱਚ ਕਰ ਦਿੱਤਾ ਹੈ, ਜੋ ਹੋਰ ਕੋਈ ਵੀ ਨਹੀਂ ਕਰ ਸਕਦਾ ਸੀ।

# ਹਾਈ ਕੋਰਟ ਵਿੱਚ ਪੈਂਡਿੰਗ ਕੇਸਾਂ ਦਾ ਅੰਕੜਾ 3.50 ਲੱਖ ਦੇ ਨੇੜੇ ਪਹੁੰਚਿਆ

ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵਧਦੇ ਜਾਂਦੇ ਪੈਂਡਿੰਗ ਕੇਸਾਂ ਦੇ ਅੰਕੜਿਆਂ ਵਿੱਚ ਜੋ ਪਿਛਲੇ ਸਾਲ ਸਤੰਬਰ ਮਹੀਨੇ ਦੇ ਬਾਅਦ ਜੋ ਕਮੀ ਆਉਣੀ ਸ਼ੁਰੂ ਹੋਈ ਸੀ, ਉਸ ਵਿੱਚ ਇਸ ਸਾਲ ਜੂਨ ਪਿੱਛੋਂ ਫਿਰ ਵਾਧਾ ਹੁੰਦਾ ਨਜ਼ਰ ਆ ਰਿਹਾ ਹੈ। ਅਗਸਤ ਖਤਮ ਹੋਣ ਤੱਕ ਹਾਈ ਕੋਰਟ ਵਿੱਚ ਹੁਣ ਪੈਂਡਿੰਗ ਕੇਸਾਂ ਦਾ ਅੰਕੜਾ ਇੱਕ ਵਾਰ ਤਿੰਨ ਲੱਖ 49 ਹਜ਼ਾਰ ਦੇ ਪਾਰ ਹੋ ਚੁੱਕਾ ਹੈ।

ਬੀਤੇ ਸਾਲ ਜੁਲਾਈ ਵਿੱਚ ਹਾਈ ਕੋਰਟ ਵਿੱਚ ਪੈਂਡਿੰਗ ਕੇਸਾਂ ਦਾ ਅੰਕੜਾ ਤਿੰਨ ਲੱਖ 48 ਹਜ਼ਾਰ ਦਰਜ ਹੋਇਆ ਸੀ ਅਤੇ ਇਸ ਅੰਕੜੇ ਵਿੱਚ ਹਰ ਮਹੀਨੇ ਔਸਤਨ ਦੋ ਹਜ਼ਾਰ ਕੇਸਾਂ ਦਾ ਵਾਧਾ ਹੁੰਦਾ ਜਾਂਦਾ ਸੀ। ਬੀਤੇ ਸਾਲ ਜੂਨ ਵਿੱਚ ਪੈਂਡੈਂਸੀ ਘੱਟ ਕੀਤੇ ਜਾਣ ਲਈ ਕੀਤੇ ਯਤਨਾਂ ਕਾਰਨ ਇਨ੍ਹਾ ਵਿੱਚ ਕਮੀ ਆਈ ਤੇ ਤਿੰਨ ਮਹੀਨਿਆਂ ਬਾਅਦ ਅਗਸਤ ਤੱਕ ਪੈਂਡਿੰਗ ਕੇਸਾਂ ਦਾ ਅੰਕੜਾ ਤਿੰਨ ਲੱਖ 35 ਹਜ਼ਾਰ ਤੱਕ ਆ ਗਿਆ ਸੀ, ਪਰ ਇਸ ਸਾਲ ਜੂਨ ਦੇ ਬਾਅਦ ਤੋਂ ਫਿਰ ਪੈਂਡਿੰਗ ਕੇਸਾਂ ਵਿੱਚ ਲਗਾਤਾਰ ਵਾਧਾ ਦਰਜ ਹੋ ਰਿਹਾ ਹੈ।

ਹਾਈ ਕੋਰਟ ਵਿੱਚ ਪੈਂਡਿੰਗ ਕ੍ਰਿਮੀਨਲ ਕੇਸਾਂ ਤੋਂ ਦੁੱਗਣੇ ਸਿਵਲ ਕੇਸ ਹਨ। ਅਗਸਤ ਦੇ ਅਖੀਰ ਤੱਕ ਜਿੱਥੇ ਇੱਕ ਲੱਖ 15 ਹਜ਼ਾਰ ਤੋਂ ਵੱਧ ਕ੍ਰਿਮੀਨਲ ਕੇਸ ਪੈਂਡਿੰਗ ਸਨ, ਉਥੇ ਦੋ ਲੱਖ 34 ਹਜ਼ਾਰ ਤੋਂ ਜ਼ਿਆਦਾ ਸਿਵਲ ਕੇਸ ਹਾਈ ਕੋਰਟ ਵਿੱਚ ਪੈਂਡਿੰਗ ਹਨ। ਹਾਈ ਕੋਰਟ ਵਿੱਚ ਪੈਂਡਿੰਗ ਕੇਸਾਂ ਵਿੱਚ ਕਮੀ ਨਾ ਹੋਣ ਦਾ ਇੱਕ ਵੱਡਾ ਕਾਰਨ ਹਾਈ ਕੋਟ ਵਿੱਚ ਜੱਜਾਂ ਦੀ ਕਮੀ ਹੈ।

# ਕਾਂਗਰਸ ਵੱਲੋਂ ਜੰਮੂ-ਕਸ਼ਮੀਰ ਵਿੱਚ ਸਥਾਨਕ ਚੋਣਾਂ ਦਾ ਬਾਈਕਾਟ

ਜੰਮੂ, 10 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਦੀ ਲਗਾਤਾਰ ਨਜ਼ਰਬੰਦੀ ਤੇ ਸੂਬਾ ਪ੍ਰਸ਼ਾਸਨ ਦੇ ਮਾੜੇ ਰਵੱਈਏ ਕਾਰਨ ਜੰਮੂ ਕਸ਼ਮੀਰ 'ਚ ਹੋਣ ਵਾਲੀਆਂ ਬਲਾਕ ਡਿਵੈਲਪਮੈਂਟ ਕੌਂਸਲ (ਬੀ ਡੀ ਸੀ) ਦੀਆਂ ਚੋਣਾਂ ਦੇ ਬਾਈਕਾਟ ਦਾ ਇਸ ਪਾਰਟੀ ਨੇ ਫੈਸਲਾ ਕੀਤਾ ਹੈ। ਜੰਮੂ ਅਤੇ ਕਸ਼ਮੀਰ ਵਿੱਚ ਬੀ ਡੀ ਸੀ ਦੀਆਂ ਚੋਣਾਂ 24 ਅਕਤੂਬਰ ਨੂੰ ਹੋਣੀਆਂ ਹਨ ਅਤੇ ਬੀਤੀ 5 ਅਗਸਤ ਨੂੰ 370 ਤਹਿਤ ਵਿਸ਼ੇਸ਼ ਰਾਜ ਦਾ ਦਰਜਾ ਖਤਮ ਹੋਣ ਮਗਰੋਂ ਸੂਬੇ ਵਿੱਚ ਹੋਣ ਵਾਲੀਆਂ ਇਹ ਪਹਿਲੀਆਂ ਚੋਣਾਂ ਹਨ।

ਇਸ ਸੰਬੰਧ ਵਿੱਚ ਕਾਂਗਰਸ ਦੇ ਸੂਬਾ ਪ੍ਰਧਾਨ ਜੀ ਏ ਮੀਰ ਨੇ ਕੱਲ੍ਹ ਨੂੰ ਪੱਤਰਕਾਰਾਂ ਨੂੰ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਕਰਨ 'ਚ ਕਾਂਗਰਸ ਦਾ ਵਿਸ਼ਵਾਸ ਹੈ ਅਤੇ ਉਸ ਨੂੰ ਕਿਸੇ ਵੀ ਚੋਣ ਲੜਨ ਤੋਂ ਗੁਰੇਜ਼ ਨਹੀਂ, ਪਰ ਅੱਜ ਉਹ ਸੂਬਾ ਪ੍ਰਸ਼ਾਸਨ ਦੇ ਵੱਖਵਾਦੀ ਰਵੱਈਏ ਤੇ ਘਾਟੀ ਵਿੱਚ ਪਾਰਟੀ ਦੇ ਨੇਤਾਵਾਂ ਦੀ ਨਜ਼ਬੰਦੀ ਜਾਰੀ ਰੱਖੇ ਜਾਣ ਕਾਰਨ ਇਹ ਫੈਸਲਾ ਲੈਣ ਲਈ ਮਜਬੂਰ ਹਨ। ਪਿਛਲੇ ਦਿਨੀਂ ਨਜ਼ਰਬੰਦੀ 'ਚੋਂ ਰਿਹਾਅ ਹੋਏ ਮੀਰ ਨੇ ਦੋਸ਼ ਲਾਇਆ ਸੂਬਾ ਪ੍ਰਸ਼ਾਸਨ ਭਾਜਪਾ ਨੂੰ ਜਿੱਤ ਦਿਵਾਉਣ ਲਈ ਮੁੱਖ ਧਾਰਾ ਦੀਆਂ ਦੇ ਰਾਹ 'ਚ ਅੜਿੱਕੇ ਪੈਦਾ ਕਰ ਰਿਹਾ ਹੈ। ਕਾਂਗਰਸ ਨੇਤਾ ਨੇ ਦੋਸ਼ ਲਾਇਆ ਕਿ ਨੇਤਾਵਾਂ ਅਤੇ ਵਰਕਰਾਂ ਨੂੰ ਨਜ਼ਰਬੰਦ ਕੀਤਾ ਹੋਇਆ ਹੈ ਜਿਸ ਕਾਰਨ ਸਿਆਸੀ ਮਾਹੌਲ ਅਤੇ ਸਿਆਸੀ ਸਰਗਰਮੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀਂ ਤੇ ਇਸ ਸਭ ਕੁਝ ਵਿੱਚ ਕਾਂਗਰਸ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਬੀਤੇ ਹਫਤੇ ਕਾਂਗਰਸ ਨੇ ਨੈਸ਼ਨਲ ਪੈਂਥਰ ਪਾਰਟੀ ਨਾਲ ਮਿਲ ਕੇ ਚੋਣਾਂ ਦੇ ਸਮੇਂ ਤੇ ਮੌਜੂਦਾ ਸੁਰੱਖਿਆ ਹਾਲਾਤ ਬਾਰੇ ਬੋਲਦਿਆਂ ਚੋਣਾਂ ਵਿੱਚ ਹਿੱਸਾ ਲੈਣ ਦਾ ਐਲਾਨ ਕੀਤਾ ਸੀ। ਮੀਰ ਨੇ ਕਿਹਾ ਕਿ ਚੋਣਾਂ ਵਿੱਚ ਹਿੱਸਾ ਲੈਣ ਦੇ ਫੈਸਲੇ ਮਗਰੋਂ ਕਾਂਗਰਸ ਨੇ ਸੂਬਾ ਚੋਣ ਕਮਿਸ਼ਨ ਨੂੰ ਮਿਲ ਕੇ ਪਾਰਟੀ ਨੇਤਾਵਾਂ ਨੂੰ ਚੋਣ ਵਿੱਚ ਹਿੱਸਾ ਲੈਣ ਖੁੱਲ੍ਹ ਕੇ ਵਿਚਰਨ ਦੇਣ ਲਈ ਪਹੁੰਚ ਵੀ ਕੀਤੀ ਸੀ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

# ਮੌਬ ਲਿੰਚਿੰਗ ਵਿਰੁੱਧ ਪੱਤਰ ਲਿਖਣ ਵਾਲੀਆਂ ਹਸਤੀਆਂ ਖਿਲਾਫ ਕੇਸ ਹੋਵੇਗਾ ਰੱਦ

ਮੁਜ਼ੱਫਰਨਗਰ, 10 ਅਕਤੂਬਰ (ਪੋਸਟ ਬਿਊਰੋ)- ਭੀੜ ਹੱਤੋਂ ਕਤਲ ਦੀਆਂ ਵਧਦੀਆਂ ਘਟਨਾਵਾਂ 'ਤੇ ਦਖਲ ਦੀ ਮੰਗ ਲਈ ਪ੍ਰਧਾਨ ਮੰਤਰੀ ਨਰਿੰਦਰ ਨੂੰ ਚਿੱਠੀ ਲਿਖਣ ਵਾਲੀਆਂ 50 ਉਘੀਆਂ ਹਸਤੀਆਂ ਖਿਲਾਫ ਕੇਸ ਖਤਮ ਕਰਨ ਲਈ ਸੰਬੰਧਤ ਜ਼ਿਲਾ ਪੁਲਸ ਦੇ ਮੁਖੀ ਨੇ ਹੁਕਮ ਜਾਰੀ ਕਰ ਦਿੱਤੇ ਹਨ।

ਮੁਜ਼ੱਫਰਨਗਰ ਦੇ ਐਸ ਐਸ ਪੀ ਮਨੋਜ ਸਿਨਹਾ ਨੇ ਕਿਹਾ ਕਿ ਉਨ੍ਹਾਂ ਇਹ ਕੇਸ ਖਤਮ ਕਰਨ ਦਾ ਹੁਕਮ ਦਿੱਤਾ ਹੈ ਕਿਉਂਕਿ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਮੁਲਜ਼ਮਾਂ ਖਿਲਾਫ ਲਾਏ ਦੋਸ਼ ਸ਼ਰਾਰਤ ਪੂਰਨ ਹਨ ਤੇ ਉਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਵਰਨਣ ਯੋਗ ਹੈ ਕਿ ਸਥਾਨਕ ਐਡਵੋਕੇਟ ਸੁਧੀਰ ਕੁਮਾਰ ਓਝਾ ਦੀ ਅਰਜ਼ੀ 'ਤੇ ਚੀਫ ਜਸਟਿਸ ਦੇ ਹੁਕਮਾਂ ਹੇਠ ਸਦਰ ਥਾਣੇ ਵਿੱਚ ਹਫਤੇ ਬੀਤੇ ਹਫਤੇ ਕੇਸ ਦਰਜ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੂੰ ਲਿਖੀ ਖੁੱਲ੍ਹੀ ਚਿੱਠੀ ਵਿੱਚ ਫਿਲਮ ਨਿਰਮਾਤਾ ਸ਼ਿਆਮ ਬੇਨੇਗਲ, ਮਣੀ ਰਤਨਮ ਤੇ ਅਨੁਰਾਗ ਕਸ਼ਿਅਪ ਤੋਂ ਇਲਾਵਾ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਦਸਖਤ ਕੀਤੇ ਸਨ। ਇਹ ਖੁੱਲ੍ਹੀ ਚਿੱਠੀ ਲਿਖੇ ਜਾਣ ਦੀਆਂ ਰਿਪੋਰਟਾਂ ਦੇ ਬਾਅਦ ਐਡਵੋਕੇਟ ਓਝਾ ਨੇ ਇਸ ਵਰ੍ਹੇ ਜੁਲਾਈ ਵਿੱਚ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ। ਚੀਫ ਜਸਟਿਸ ਸੂਰਿਆ ਕਾਂਤ ਤਿਵਾੜੀ ਨੇ ਅਗਸਤ ਵਿੱਚ ਧਾਰਾ 156(3) ਹੇਠ ਅਰਜ਼ੀ ਮਨਜ਼ੂਰ ਕਰਦਿਆਂ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ ਜਿਸ ਤੋਂ ਬਾਅਦ 3 ਅਕਤੂਬਰ ਨੂੰ ਮੁਜ਼ੱਫਰਨਗਰ ਵਿੱਚ 50 ਹਸਤੀਆਂ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਗਿਆ ਸੀ।

ਦਿਲਚਸਪ ਗੱਲ ਇਹ ਹੈ ਕਿ ਪਟੀਸ਼ਨਰ ਨੇ ਬੌਲੀਵੁੱਡ ਹਸਤੀਆਂ ਕੰਗਨਾ ਰਣੌਤ, ਮਧੁਰ ਭੰਡਾਰਕਰ ਤੇ ਵਿਵੇਕ ਅਗਨੀਹੋਤਰੀ ਨੂੰ ਇਸ ਕੇਸ ਵਿੱਚ ਗਵਾਹ ਬਣਾਇਆ ਸੀ। ਇਨ੍ਹਾਂ ਹਸਤੀਆਂ 'ਤੇ ਕੇਸ ਦਰਜ ਹੋਣ ਨਾਲ ਪੂਰੇ ਦੇਸ਼ ਵਿੱਚ ਰੋਸ ਫੈਲ ਗਿਆ ਸੀ ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਕਈ ਹਸਤੀਆਂ ਨੇ ਇਸ ਦੀ ਆਲੋਚਨਾ ਕੀਤੀ ਸੀ। ਇਸ ਦੇ ਬਾਅਦ ਇਤਿਹਾਸਕਾਰ ਰੋਮਿਲਾ ਥਾਪਰ ਅਤੇ ਅਦਾਕਾਰ ਨਸੀਰੂਦੀਨ ਸ਼ਾਹ ਸਮੇਤ 200 ਹਸਤੀਆਂ ਨੇ ਵੱਖਰੀ ਖੁੱਲ੍ਹੀ ਚਿੱਠੀ ਲਿਖ ਕੇ ਸਵਾਲ ਉਠਾਇਆ ਕਿ ਪ੍ਰਧਾਨ ਮੰਤਰੀ ਨੂੰ ਕੀਤੀ ਅਪੀਲ ਨੂੰ ਦੇਸ਼ਧਰੋਹ ਕਿਵੇਂ ਕਿਹਾ ਜਾ ਸਕਦਾ ਹੈ। ਇਸੇ ਦੌਰਾਨ ਬਿਹਾਰ ਦੇ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ, ਜੋ ਭਾਜਪਾ ਦੇ ਸੀਨੀਅਰ ਆਗੂ ਹਨ ਨੇ ਬਿਆਨ ਜਾਰੀ ਕੀਤਾ ਕਿ ਉਨ੍ਹਾਂ ਦੀ ਪਾਰਟੀ ਅਤੇ ਸੰਘ ਪਰਵਾਰ ਦਾ ਦੇਸ਼ ਧਰੋਹ ਕੇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
AVTAR UPPAL Manager
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

TransExpert ALWAYS DELIVER
NOW HIRING!
Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must.
• Drivers paid 60C per mile.
• Midwest runs.
• Direct deposit payments.
• Friendly dispatch and flexible schedule.
• Brand new automatic trucks.
• New trailers so no hassle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਡੇਰਾ ਬਾਬਾ ਨਾਨਕ ਉਤਸਵ ਦੀ ਵੈਬਸਾਈਟ ਅਤੇ ਫੇਸਬੁੱਕ, ਟਵਿੱਟਰ, ਇੰਸਟਾਗਰਾਮ ਦੇ ਪਲੇਟਫਾਰਮ ਲਾਂਚ

## 550ਵਾਂ ਪ੍ਰਕਾਸ਼ ਪੁਰਬ

## 8 ਤੋਂ 11 ਨਵੰਬਰ ਨੂੰ ਡੇਰਾ ਬਾਬਾ ਨਾਨਕ ਉਤਸਵ ਕਰਵਾਇਆ ਜਾਵੇਗਾ
## ਡੇਰਾ ਬਾਬਾ ਨਾਨਕ ਨੂੰ ਖੁਸ਼ਬੂਆਂ ਦਾ ਸ਼ਹਿਰ ਬਣਾਉਣ ਲਈ ਸਾਢੇ ਪੰਜ ਲੱਖ ਖੁਸ਼ਬੂ ਵਾਲੇ ਫੁੱਲਾਂ ਦੇ ਬੂਟੇ ਲਾਏ ਜਾਣਗੇ



ਚੰਡੀਗੜ੍ਹ, 10 ਅਕਤੂਬਰ () : ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ 8 ਤੋਂ 11 ਨਵੰਬਰ ਨੂੰ ਡੇਰਾ ਬਾਬਾ ਨਾਨਕ ਉਤਸਵ ਕਰਵਾਇਆ ਜਾਵੇਗਾ। ਉਤਸਵ ਦੌਰਾਨ ਰਾਗ ਦਰਬਾਰ, ਸ਼ਬਦ ਕੀਰਤਨ, ਢਾਡੀ/ਵਾਰਾਂ, ਕਵੀਸ਼ਰੀ ਤੋਂ ਇਲਾਵਾ ਸਾਹਿਤ ਤੇ ਕਵੀ ਸੰਮੇਲਨ ਕਰਵਾਇਆ ਜਾਵੇਗਾ। ਸਾਰੇ ਸਮਾਗਮਾਂ ਦਾ ਵਿਸ਼ਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਉਪਦੇਸ਼ਾਂ ਦੁਆਲੇ ਕੇਂਦਰਿਤ ਹੋਵੇਗਾ ਅਤੇ ਪ੍ਰਦਰਸ਼ਨੀਆਂ ਰਾਹੀਂ ਗੁਰੂ ਸਾਹਿਬ ਦੇ ਜੀਵਨ, ਉਦਾਸੀਆਂ ਤੇ ਸਾਖੀਆਂ ਨੂੰ ਦਿਖਾਇਆ ਜਾਵੇਗਾ।

ਇਹ ਖੁਲਾਸਾ ਸਹਿਕਾਰਤਾ ਤੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੀਤਾ। ਰੰਧਾਵਾ ਵੱਲੋਂ ਡੇਰਾ ਬਾਬਾ ਨਾਨਕ ਉਤਸਵ ਦੀ ਅਧਿਕਾਰਤ ਵੈੱਬਸਾਈਟ ਅਤੇ ਫੇਸਬੁੱਕ, ਟਵਿੱਟਰ, ਇੰਸਟਾਗਰਾਮ ਆਦਿ ਦੇ ਸੋਸ਼ਲ ਮੀਡੀਆ ਪਲੇਟਫਾਰਮ ਵੀ ਲਾਂਚ ਕੀਤੇ ਗਏ।

ਰੰਧਾਵਾ ਨੇ ਕਿਹਾ ਕਿ ਅਸੀਂ ਸਾਰੇ ਭਾਗਾਂ ਵਾਲੇ ਹਾਂ ਕਿ ਸਾਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ। ਇਸ ਮੌਕੇ ਕਰਤਾਰਪੁਰ ਲਾਂਘਾ ਖੁੱਲ੍ਹਣ ਦੇ ਨਾਲ ਨਾਨਕ ਨਾਮ ਲੇਵਾ ਸੰਗਤ ਦੀ ਵਰ੍ਹਿਆਂ ਤੋਂ ਕੀਤੀ ਜਾ ਰਹੀ ਅਰਦਾਸ ਵੀ ਪੂਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਡੇਰਾ ਬਾਬਾ ਨਾਨਕ ਦਰਸ਼ਨੀ ਢਿਉਡੀ ਸਮਾਨ ਹੈ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਦੇ ਨਾਲ ਡੇਰਾ ਬਾਬਾ ਨਾਨਕ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਦਾ ਧੁਰਾ ਹੋਵੇਗਾ ਜਿਸ ਲਈ ਸਥਾਨਕ ਪ੍ਰਸ਼ਾਸ਼ਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸ਼ਰਧਾਲੂਆਂ ਦੀ ਆਓ ਭਗਤ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ।

ਰੰਧਾਵਾ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਵਿਖੇ ਉਤਸਵ ਦੇ ਸਮਾਗਮਾਂ ਲਈ 30 ਹਜ਼ਾਰ ਸ਼ਰਧਾਲੂਆਂ ਦੀ ਸਮਰੱਥਾ ਵਾਲਾ ਪੰਡਾਲ ਸਜਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ 5000 ਸ਼ਰਧਾਲੂਆਂ ਦੇ ਠਹਿਰਨ ਦੀ ਸਮਰੱਥਾ ਵਾਲੀ ਟੈਂਟ ਸਿਟੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸ਼ਰਧਾਲੂਆਂ ਲਈ ਠਹਿਰਨ, ਲੰਗਰ, ਪਾਰਕਿੰਗ ਆਦਿ ਦੀ ਸਹੂਲਤ ਤੋਂ ਇਲਾਵਾ ਹੋਰਨਾਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਪੂਰਾ ਵਧੀਆ ਪ੍ਰਬੰਧ ਕੀਤਾ ਜਾਵੇ। ਉਤਸਵ ਦੌਰਾਨ ਪਾਰਕਿੰਗ ਵਾਲੀ ਥਾਂ ਤੋਂ ਮੁੱਖ ਪੰਡਾਲ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਨੂੰ ਖੁਸ਼ਬੂਆਂ ਦਾ ਸ਼ਹਿਰ ਬਣਾਉਣ ਲਈ ਸਾਢੇ ਪੰਜ ਲੱਖ ਖੁਸ਼ਬੂ ਵਾਲੇ ਫੁੱਲਾਂ ਦੇ ਬੂਟੇ ਲਗਾਏ ਜਾਣਗੇ ਜਿਸ ਨਾਲ ਪੂਰਾ ਸ਼ਹਿਰ ਮਹਿਕੇਗਾ। ਇਹ ਸੇਵਾ ਸ਼੍ਰੀ ਗੰਗਾ ਨਰਸਰੀ ਜ਼ੀਰਕਪੁਰ ਦੇ ਮਨਜੀਤ ਸਿੰਘ ਵੱਲੋਂ ਕੀਤੀ ਜਾਵੇਗੀ।

ਉਤਸਵ ਦੌਰਾਨ ਕਰਵਾਏ ਜਾਣ ਵਾਲੇ ਅਤੇ ਅਗੇਤੇ ਪ੍ਰੋਗਰਾਮਾਂ ਦੇ ਵੇਰਵੇ ਦਿੰਦਿਆਂ ਸਹਿਕਾਰਤਾ ਮੰਤਰੀ ਰੰਧਾਵਾ ਨੇ ਦੱਸਿਆ ਕਿ ਪ੍ਰੀ ਫੈਸਟੀਵਲ ਸਮਾਗਮਾਂ ਦੀ ਸ਼ੁਰੂਆਤ ਸਤੰਬਰ ਮਹੀਨੇ ਤੋਂ ਸ਼ੁਰੂ ਹੋ ਜਾਣਗੇ ਜਿਨ੍ਹਾਂ ਵਿੱਚ ਆਨਲਾਈਨ ਯੁਵਕ ਮੇਲਾ ਕਰਵਾਇਆ ਜਾਵੇਗਾ ਜਿਸ ਵਿੱਚ ਸਾਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੀਆਂ ਟੀਮਾਂ 3 ਗਰੁੱਪ ਅਤੇ 10 ਵਿਅਕਤੀਗਤ ਮੁਕਾਬਲਿਆਂ ਵਿੱਚ ਹਿੱਸਾ ਲੈਣਗੀਆਂ। ਸ਼ਬਦ ਗਾਇਨ, ਢਾਡੀ/ਵਾਰਾਂ, ਕਵੀਸ਼ਰੀ, ਪੇਂਟਿੰਗ ਆਦਿ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੀਆਂ ਟੀਮਾਂ 1 ਤੋਂ 20 ਅਕਤੂਬਰ ਤੱਕ ਵੈਬਸਾਈਟ ਰਾਹੀਂ ਆਪਣੀ ਪੇਸ਼ਕਾਰੀ ਦੇਣਗੀਆਂ ਜਿਨ੍ਹਾਂ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੀਆਂ ਟੀਮਾਂ ਦੀ ਡੇਰਾ ਬਾਬਾ ਨਾਨਕ ਉਤਸਵ ਦੌਰਾਨ 8 ਨਵੰਬਰ ਤੋਂ ਮੁੱਖ ਸਟੇਜ ਤੋਂ ਪੇਸ਼ਕਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਗਰੁੱਪ ਮੁਕਾਬਲੇ ਵਿੱਚ ਪਹਿਲੇ ਸਥਾਨ ਵਾਲੀ ਟੀਮ ਨੂੰ 71 ਹਜ਼ਾਰ ਰੁਪਏ, ਦੂਜੇ ਸਥਾਨ ਲਈ 51 ਹਜ਼ਾਰ ਰੁਪਏ ਤੇ ਤੀਜੇ ਸਥਾਨ ਲਈ 31 ਹਜ਼ਾਰ ਰੁਪਏ ਜਦੋਂ ਕਿ ਵਿਅਕਤੀਗਤ ਮੁਕਾਬਲੇ ਲਈ ਪਹਿਲੇ ਸਥਾਨ ਲਈ 51 ਹਜ਼ਾਰ ਰੁਪਏ, ਦੂਜੇ ਸਥਾਨ ਲਈ 31 ਹਜ਼ਾਰ ਰੁਪਏ ਤੇ ਤੀਜੇ ਸਥਾਨ ਲਈ 21 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸੇ ਤਰ੍ਹਾਂ ਲਘੂ ਫਿਲਮਾਂ ਦਾ ਫੈਸਟੀਵਲ ਵੀ ਆਨਲਾਈਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 20 ਸਤੰਬਰ ਤੋਂ ਡੇਰਾ ਬਾਬਾ ਨਾਨਕ ਦੇ 100 ਪਿੰਡਾਂ ਵਿੱਚ ਨੁੱਕੜ ਨਾਟਕ ਖੇਡੇ ਜਾਇਆ ਕਰਨਗੇ। ਇਸੇ ਤਰ੍ਹਾਂ ਸਾਰੇ ਪਿੰਡਾਂ ਤੋਂ ਰਵਾਇਤੀ ਟਰਾਂਸਪੋਰਟ ਸਾਧਨਾਂ ਜਿਵੇਂ ਕਿ ਟਰੈਕਟਰਾਂ, ਗੱਡਿਆਂ ਆਦਿ ਰਾਹੀਂ ਸਰਬ ਸਾਂਝੀਵਾਲਤਾ ਕਾਫਲਾ ਕੱਢਿਆ ਜਾਵੇਗਾ।

ਰੰਧਾਵਾ ਨੇ ਅੱਗੇ ਦੱਸਿਆ ਕਿ 8 ਤੋਂ 11 ਨਵੰਬਰ ਤੱਕ ਚੱਲਣ ਵਾਲੇ ਡੇਰਾ ਬਾਬਾ ਨਾਨਕ ਉਤਸਵ ਦੌਰਾਨ ਪ੍ਰਸਿੱਧ ਰਾਗੀਆਂ ਵੱਲੋਂ ਰਾਗ ਦਰਬਾਰ, ਕੀਰਤਨੀ ਜੱਥਿਆਂ ਵੱਲੋਂ ਸ਼ਬਦ ਕੀਰਤਨ, ਢਾਡੀ/ਕਵੀਸ਼ਰਾਂ ਵੱਲੋਂ ਵੱਲੋਂ ਢਾਡੀ/ਵਾਰਾਂ, ਕਵੀਸ਼ਰ ਦਰਬਾਰ ਲਗਾਇਆ ਜਾਵੇਗਾ। ਇਸ ਮੌਕੇ ਕਥਾ ਦਰਬਾਰ ਵੀ ਸਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੁਰਲੱਭ ਬੀੜਾਂ ਦੇ ਵੀ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ। ਬਹੁਭਾਸ਼ੀ ਕਵੀ ਦਰਬਾਰ ਵਿੱਚ ਦੇਸ਼ ਦੀਆਂ 24 ਭਾਸ਼ਾਵਾਂ ਦੇ ਕਵੀ ਸ਼ਾਮਲ ਹੋਣਗੇ। ਸਾਹਿਤ ਮੇਲੇ ਵਿੱਚ ਵੱਡੇ ਸਾਹਿਤਕਾਰ ਤੇ ਸਿੱਖ ਵਿਦਵਾਨ ਪੈਨਲ ਚਰਚਾ ਅਤੇ ਆਪਣੇ ਪੇਪਰ ਪੜ੍ਹਨਗੇ। ਆਰਟ ਫੈਸਟੀਵਲ ਵਿੱਚ ਸ਼ਿਲਪਕਾਰ ਆਪਣੀਆਂ ਕਲਾ ਕ੍ਰਿਤਾਂ ਸਜਾਉਣਗੇ। ਇਸੇ ਤਰ੍ਹਾਂ ਥਿਏਟਰ ਫੈਸਟੀਵਲ ਵਿੱਚ ਉੱਘੇ ਰੰਗਕਰਮੀ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਡੇਰਾ ਬਾਬਾ ਨਾਨਕ ਵਿਖੇ ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਦਾ ਬੁੱਤ ਵੀ ਲਗਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅਤੇ ਆਲੇ ਦੁਆਲੇ ਨੂੰ ਵਿਰਾਸਤੀ ਦਿੱਖ ਦਿੱਤੀ ਜਾ ਰਹੀ ਹੈ।

# ਵਿਗਿਆਨੀਆਂ ਨੇ ਸ਼ਨੀ ਦੇ ਕੋਲ ਸਭ ਤੋਂ ਵੱਧ 82 ਚੰਦਰਮਾ ਹੋਣ ਦੀ ਪੁਸ਼ਟੀ ਕੀਤੀ

ਨਵੀਂ ਦਿੱਲੀ, 10 ਅਕਤੂਬਰ (ਪੋਸਟ ਬਿਊਰੋ)- ਵਿਗਿਆਨੀਆਂ ਨੇ ਸੂਰਜ ਮੰਡਲ ਵਿੱਚ 20 ਨਵੇਂ ਚੰਦਰਮਾ ਨਿਕਲਣ ਦੀ ਪੁਸ਼ਟੀ ਕੀਤੀ ਹੈ। 20 ਨਵੇਂ ਚੰਦਰਮਾ ਨਾਲ ਸ਼ਨੀ ਗ੍ਰਹਿ 'ਤੇ ਇਸ ਵਕਤ ਕੁੱਲ ਚੰਦਰਮਾ ਦੀ ਗਿਣਤੀ 82 ਹੋ ਗਈ ਹੈ। ਇਸ ਤਰ੍ਹਾਂ ਵਿਗਿਆਨੀਆਂ ਅਨੁਸਾਰ ਸ਼ਨੀ ਗ੍ਰਹਿ ਦੇ ਸਭ ਤੋਂ ਵੱਧ ਚੰਦਰਮਾ ਹਨ। ਇਸ ਤੋਂ ਪਹਿਲਾਂ ਬ੍ਰਹਿਸਪਤੀ ਗ੍ਰਹਿ ਦੇ ਸਭ ਤੋਂ ਵੱਧ 79 ਚੰਦਰਮਾ ਮੰਨੇ ਜਾਂਦੇ ਸਨ। ਕਾਰਨੀਗੇਜ ਇੰਸਟੀਟਿਊਸ਼ਨ ਆਫ ਸਾਇੰਸ ਦੇ ਐਸਟ੍ਰਾਨਾਮਰ ਸਕਾਟ ਸ਼ੇਪਰਡ ਨੇ ਇਸ ਬਾਰੇ ਕਿਹਾ ਕਿ ਇਹ ਜਾਨਣਾ ਬੇਹੱਦ ਦਿਲਚਸਪ ਹੈ ਕਿ ਸ਼ਨੀ ਗ੍ਰਹਿ ਕੁੱਲ ਚੰਦਰਮਾ ਦੀ ਗਿਣਤੀ ਦੇ ਆਧਾਰ 'ਤੇ ਰਾਜਾ ਹੈ। ਇਸ ਦੇ ਬਾਵਜੂਦ ਬ੍ਰਹਿਸਪਤੀ ਕੋਲ ਸਭ ਤੋਂ ਵੱਡਾ ਚੰਦਰਮਾ ਹੈ। ਬ੍ਰਹਿਸਪਤੀ ਦਾ ਕੁੱਲ ਆਕਾਰ ਧਰਤੀ ਤੋਂ ਲਗਭਗ ਦੁੱਗਣਾ ਹੈ। ਸ਼ੇਪਰਡ ਅਤੇ ਉਨ੍ਹਾਂ ਦੀ ਟੀਮ ਨੇ ਹਵਾਈ ਵਿੱਚ ਟੈਲੀਸਕੋਪ ਦੇ ਨਾਲ ਇਸ ਵਾਰ ਗਰਮੀਆਂ ਵਿੱਚ 20 ਨਵੇਂ ਚੰਦਰਮਾ ਪਾਏ ਜਾਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼ਨੀ ਗ੍ਰਹਿ 'ਤੇ ਬਹੁਤ ਛੋਟੇ-ਛੋਟੇ 100 ਅਜਿਹੇ ਹੋਰ ਚੰਦ ਵੀ ਹੋ ਸਕਦੇ ਹਨ, ਅਸੀਂ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ। ਪੁਲਾੜ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਸ਼ਨੀ ਦੇ ਆਲੇ-ਦੁਆਲੇ ਪੰਜ ਕਿਲੋਮੀਟਰ ਅਤੇ ਬ੍ਰਹਿਸਪਤੀ ਦੇ ਆਲੇ ਦੁਆਲੇ 1.6 ਕਿਲੋਮੀਟਰ ਦੇ ਦਾਇਰੇ ਤੱਕ ਚੰਦ ਨੂੰ ਲੱਭਣ ਵਿੱਚ ਅਸੀਂ ਸਫਲ ਹੋਏ ਹਾਂ। ਪੁਲਾੜ ਸ਼ਾਸਤਰੀ ਸ਼ੇਪਰਡ ਨੇ ਇੱਕ ਈ-ਮੇਲ ਵਿੱਚ ਇਸ ਨਾਲ ਜਾਣਕਾਰੀ ਬਾਰੇ ਕਿਹਾ, ਸ਼ਨੀ ਕੋਲ ਸਭ ਤੋਂ ਵੱਧ ਚੰਦਰਮਾ ਹਨ ਅਤੇ ਭਵਿੱਖ ਵਿੱਚ ਕਈ ਹੋਰ ਛੋਟੇ ਚੰਦਰਮਾ ਮਿਲ ਸਕਦੇ ਹਨ। ਲੱਗਦਾ ਹੈ ਕਿ ਇਹ ਬੇਬੀ ਮੂਨ ਆਪਣੇ ਉਤਪਤੀ ਦੇ ਸਥਾਨ ਵਾਲੇ ਵੱਡੇ ਚੰਦਰਮਾ ਤੋਂ ਟੁੱਟ ਕੇ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡੇ ਗਏ। 20 ਵਿੱਚੋਂ 17 ਛੋਟੇ ਚੰਦਰਮਾ ਅਜਿਹੇ ਹਨ, ਜੋ ਗ੍ਰਹਿ 'ਤੇ ਦੂਸਰੀ ਦਿਸ਼ਾ ਤੋਂ ਆਉਂਦੇ ਹੋ ਲੱਗ ਰਹੇ ਹਨ।

# ਨਾਸਤਿਕਤਾ ਸਰਟੀਫਿਕੇਟ ਦੇਣ ਦੀ ਮੰਗ ਹਾਈ ਕੋਰਟ ਵੱਲੋਂ ਰੱਦ

ਚੰਡੀਗੜ੍ਹ, 10 ਅਕਤੂਬਰ (ਪੋਸਟ ਬਿਊਰੋ)- ਇੱਕ ਵਿਅਕਤੀ ਨੇ ਅਜੀਬ ਮੰਗ ਕਰਦਿਆਂ ਹਾਈ ਕੋਰਟ 'ਚ ਅਰਜ਼ੀ ਦੇ ਕੇ ਉਸ ਨੂੰ ਨਾਸਤਿਕਤਾ ਦਾ ਸਰਟੀਫਿਕੇਟ ਜਾਰੀ ਕਰਨ ਦੀ ਮੰਗ ਕੀਤੀ ਸੀ, ਪਰ ਕੋਰਟ ਨੇ ਇਹ ਮੰਗ ਰੱਦ ਕਰਦਿਆਂ ਕਿਹਾ ਹੈ ਕਿ ਕਿਸੇ ਵੀ ਅਥਾਰਟੀ ਨੂੰ ਇਹ ਹਦਾਇਤ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸੇ ਵਿਅਕਤੀ ਲਈ ਸਰਟੀਫਿਕੇਟ ਜਾਰੀ ਕਰੇ ਕਿ ਉਹ ਕਿਸੇ ਧਰਮ ਜਾਂ ਜਾਤ ਨਾਲ ਸਬੰਧ ਨਹੀਂ ਰੱਖਦਾ ਤੇ ਉਸ ਨੂੰ ਰੱਬ 'ਚ ਭਰੋਸਾ ਨਹੀਂ। ਜਸਟਿਸ ਟੀ ਐਸ ਢੀਂਡਸਾ ਦੀ ਸਿੰਗਲ ਬੈਂਚ ਨੇ ਪਟੀਸ਼ਨ ਰੱਦ ਕਰਦਿਆਂ ਕਿਹਾ ਹੈ ਕਿ ਸੰਵਿਧਾਨ ਵਿੱਚ ਹਰੇਕ ਵਿਅਕਤੀ ਨੂੰ ਆਪਣੀ ਸੋਚ ਸਮਝ ਰੱਖਣ ਦਾ ਹੱਕ ਹੈ ਅਤੇ ਇਸੇ ਹੱਕ ਤਹਿਤ ਉਸ ਨੂੰ ਆਪਣੇ ਆਪ ਇਹ ਅਖਤਿਆਰ ਵੀ ਮਿਲਦਾ ਹੈ ਕਿ ਉਹ ਕਿਸੇ ਧਰਮ ਨਾਲ ਸਬੰਧ ਨਹੀਂ ਰੱਖਦਾ। ਬੈਂਚ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 25 ਵਿੱਚ ਹਰੇਕ ਵਿਅਕਤੀ ਨੂੰ ਹੱਕ ਹੈ ਕਿ ਉਹ ਨਾਸਤਿਕ ਹੋਣ ਦਾ ਦਾਅਵਾ ਕਰ ਸਕਦਾ ਹੈ ਅਤੇ ਸਮਝ ਦੀ ਆਜ਼ਾਦੀ ਕਿਸੇ ਨੂੰ ਵਿਅਕਤੀ ਨੂੰ ਇਹ ਮੌਲਿਕ ਹੱਕ ਦਿੰਦੀ ਹੈ ਕਿ ਉਹ ਕਿਸੇ ਵੀ ਧਰਮ 'ਚ ਵਿਸ਼ਵਾਸ ਰੱਖ ਸਕਦਾ ਹੈ ਤੇ ਇਸੇ ਤਰ੍ਹਾਂ ਉਸ ਵਿਅਕਤੀ ਨੂੰ ਇਹ ਜ਼ਾਹਿਰ ਕਰਨ ਦਾ ਹੱਕ ਹੈ ਕਿ ਉਹ ਕਿਸੇ ਧਰਮ ਨਾਲ ਸਬੰਧ ਨਹੀਂ ਰੱਖਦਾ। ਬੈਂਚ ਨੇ ਕਿਹਾ ਕਿ ਪਟੀਸ਼ਨਰ ਆਪਣੇ ਆਪ ਨੂੰ ਨਾਸਤਿਕ ਕਹਿ ਰਿਹਾ ਹੈ ਤੇ ਪਟੀਸ਼ਨ ਮੁਤਾਬਕ ਉਹ ਕਿਸੇ ਧਰਮ 'ਚ ਵਿਸ਼ਵਾਸ ਜਾਂ ਆਸਥਾ ਨਹੀਂ ਰੱਖਦਾ।

"ਬਰਸੀ ਭਾਈ ਵਰਿਆਮ ਸਿੰਘ ਜੀ"
ਪਿੰਡ ਖੁਰਦ ਪੁਰ ਅਤੇ ਫਤਿਹ ਪੁਰ ਦੀਆਂ ਸੰਗਤਾਂ ਵਲੋਂ ਭਾਈ ਵਰਿਆਮ ਸਿੰਘ ਜੀ ਦੀ ਸਲਾਨਾ ਬਰਸੀ ਓਨਟੇਰੀਓ ਖਾਲਸਾ ਦਰਬਾਰ ਈਸਟ ਹਾਲ ਡਿਕਸੀ ਰੋਡ ਵਿਖੇ ਮਨਾਈ ਜਾ ਰਹੀ ਹੈ, 11ਅਕਤੂਬਰ ਨੂੰ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 13 ਅਕਤੂਬਰ ਨੂੰ ਭੋਗ ਪਾਏ ਜਾਣਗੇ , ਉਪਰੰਤ ਕੀਰਤਨ ਦਰਬਾਰ ਸਜਣਗੇ ਅਤੇ ਗੁਰੂ ਕਾ ਅਤੁੱਟ ਲੰਗਰ ਵਰਤੇਗਾ। ਸਮੂਹ ਇਲਾਕਾ ਨਿਵਾਸੀਆਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਜਾਣਕਾਰੀ ਲਈ ਫੋਨ ਕਰ ਸਕਦੇ ਹੋ
ਜਗਰੂਪ ਸਿੰਘ 416-803-2463
ਪਰਦੀਪ ਸਿੰਘ 647-290-5023

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

APEX
CONCRETE & LANDSCAPE
RESIDENTIAL & COMMERCIAL
Add Value to your Home by Offering Beautiful High Quality Landscaping and Concrete Work at an Affordable Prize
FREE ESTIMATE
Limited Life Time Warranty
• STAMP CONCRETE • INTERLOCK • DRIVEWAY
• PLAIN CONCRETE • LAND SCAPE • SIDEWALK
• STEPS/SIDE ENTRANCE • SODING • PATIO
647-575-6102
Email: apexconstruc16@gmail.com
Laddi

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.
FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।
FOR SALE
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।
FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਸ਼ਿਵ ਸੈਨਾ ਨੇ ਅਚਾਨਕ ਗਰੀਬ ਮੁਸਲਮਾਨਾਂ ਲਈ ਰਿਜ਼ਰਵੇਸ਼ਨ ਦੀ ਮੰਗ ਰੱਖ ਦਿੱਤੀ

ਮੁੰਬਈ, 10 ਅਕਤੂਬਰ (ਪੋਸਟ ਬਿਊਰੋ)- ਦੁਸਹਿਰੇ ਦੀ ਰਿਵਾਇਤੀ ਰੈਲੀ ਵਿੱਚ ਸ਼ਿਵ ਸੈਨਾ ਦੇ ਮੁਖੀ ਉਧਵ ਠਾਕਰੇ ਵੱਲੋਂ ਮੁਸਲਮਾਨਾਂ ਦੇ ਰਾਖਵੇਂਕਰਨ ਦਾ ਸਮਰਥਨ ਕਰਨਾ ਇਕੱਲਾ ਮੁੱਦਾ ਨਹੀਂ, ਜਿਸ 'ਤੇ ਲੋਕਾਂ ਨੂੰ ਹੈਰਾਨੀ ਹੋ ਰਹੀ ਹੈ, ਅਜਿਹੇ ਕਈ ਮੁੱਦੇ ਹਨ, ਜਿਨ੍ਹਾਂ ਦੀ ਕਲਪਨਾ ਸ਼ਿਵ ਸੈਨਾ ਦੇ ਮੁੱਢ ਤੋਂ ਕੁਝ ਸਾਲ ਪਹਿਲਾਂ ਤੱਕ ਵੀ ਨਹੀਂ ਕੀਤੀ ਜਾ ਸਕਦੀ ਸੀ। ਸੱਤਾ ਦੀ ਮਜਬੂਰੀ ਵਿੱਚ ਸ਼ਿਵ ਸੈਨਾ ਨੂੰ ਸ਼ਾਇਦ ਇਹ ਸਭ ਕੁਝ ਕਰਨਾ ਪੈ ਰਿਹਾ ਹੈ।

ਉਂਜ ਸ਼ਿਵ ਸੈਨਾ ਪਹਿਲਾਂ ਵੀ ਗਰੀਬ ਮੁਸਲਮਾਨਾਂ ਦੇ ਰਾਖਵੇਂਕਰਨ ਦੀ ਮੰਗ ਦਾ ਸਮਰਥਨ ਕਰ ਚੁੱਕੀ ਹੈ। ਉਸ ਸਮੇਂ ਵੀ ਸਵਾਲ ਉਠਿਆ ਸੀ ਕਿ ਕੀ ਸ਼ਿਵ ਸੈਨਾ ਵੀ ਮੁਸਲਿਮ ਤੁਸ਼ਟੀਕਰਣ ਦੀ ਨੀਤੀ 'ਤੇ ਚੱਲ ਪਈ ਹੈ? ਇਸ ਵਾਰ ਚੋਣਾਂ ਸਮੇਂ ਫਿਰ ਮੁਸਲਮਾਨਾਂ ਲਈ ਰਾਖਵੇਂਕਰਨ ਦੀ ਗੱਲ ਕਰਨਾ ਫਿਰ ਲੋਕਾਂ ਦਾ ਧਿਆਨ ਸ਼ਿਵ ਸੈਨਾ ਦੀ ਇਸ ਨਵੀਂ ਨੀਤੀ ਵੱਲ ਖਿੱਚ ਰਿਹਾ ਹੈ। ਸ਼ਿਵ ਸੈਨਾ ਹਮੇਸ਼ਾ ਤੋਂ ਮੁਸਲਮਾਨਾਂ ਤੋਂ ਦੂਰ ਨਹੀਂ ਰਹੀ, ਆਪਣੇ ਮੁਸਲਿਮ ਵਿਰੋਧੀ ਅਕਸ ਦੇ ਬਾਵਜੂਦ 1995 ਵਿੱਚ ਬਣੀ ਉਸ ਦੀ ਪਹਿਲੀ ਸਰਕਾਰ ਵਿੱਚ ਸਾਬਿਰ ਸ਼ੇਖ ਨੂੰ ਲੇਬਰ ਮੰਤਰੀ ਬਣਾਇਆ ਗਿਆ ਸੀ। ਸ਼ਿਵ ਸੈਨਾ ਦੇ ਮੋਢੀ ਬਾਲਾ ਸਾਹਿਬ ਠਾਕਰੇ ਦੇ ਸਮੇਂ ਵੀ ਉਨ੍ਹਾਂ ਦੇ ਕਈ ਭਰੋਸੇਮੰਦ ਸ਼ਿਵ ਸੈਨਿਕ ਅਤੇ ਸ਼ਾਖਾ ਮੁਖੀ ਮੁਸਲਿਮ ਸਨ, ਪਰ ਸ਼ਿਵ ਸੈਨਾ ਦਾ ਅਕਸ ਤੁਸ਼ਟੀਕਰਨ ਦੀ ਗੱਲ ਕਰਨ ਵਾਲੀ ਪਾਰਟੀ ਦੀ ਨਹੀਂ ਰਹੀ। ਗੁਜਰਾਤੀਆਂ ਅਤੇ ਦੱਖਣ ਭਾਰਤੀਆਂ ਦੇ ਪ੍ਰਤੀ ਰੁਖ਼ ਵਿੱਚ ਆਈ ਨਰਮੀ-ਕੁਝ ਦਿਨ ਪਹਿਲਾਂ ਹੀ ਜਦ ਸ਼ਿਵ ਸੈਨਾ ਦੇ ਯੁਵਾ ਨੇਤਾ ਅਤੇ ਯੁਵਾ ਸੈਨਾ ਦੇ ਮੁਖੀ ਆਦਿੱਤਯ ਠਾਕਰੇ ਵਰਲੀ ਤੋਂ ਨਾਮਜ਼ਦਗੀ ਕਾਗਜ਼ ਭਰਨ ਗਏ ਤਾਂ ਵਰਲੀ ਖੇਤਰ ਵਿੱਚ ਵੱਡੇ-ਵੱਡੇ ਹੋਰਡਿੰਗਸ ਉੱਤੇ 'ਕੇਮ ਛੋ ਵਰਲੀ' ਲਿਖਿਆ ਦਿਖਾਈ ਦੇ ਰਿਹਾ ਸੀ। ਇਹੀ ਨਹੀਂ, ਕਿਤੇ-ਕਿਤੇ ਤਾਂ ਇਸੇ ਪ੍ਰਕਾਰ ਦਾ ਸਵਾਗਤ ਦੱਖਣ ਭਾਰਤੀ ਭਾਈਚਾਰੇ ਦਾ ਵੀ ਹੁੰਦਾ ਦਿੱਸਿਆ। ਆਪਣੇ ਮੁੱਢ ਵਿੱਚ ਸ਼ਿਵ ਸੈਨਾ ਇਨ੍ਹਾਂ ਦੋਵਾਂ ਫਿਰਕਿਆਂ ਦੇ ਖਿਲਾਫ ਜ਼ੁਲਮ ਕਰਨ ਲਈ ਜਾਣੀ ਜਾਂਦੀ ਸੀ। ਸ਼ੁਰੂ ਵਿੱਚ ਸ਼ਿਵ ਸੈਨਾ ਦੀ ਪ੍ਰਸਿੱਧੀ ਦੱਖਣ ਭਾਰਤੀ ਲੋਕਾਂ ਦੇ ਵਿਰੁੱਧ 'ਬਜਾਓ ਪੁੰਗੀ, ਭਜਾਓ ਲੁੰਗੀ' ਦੇ ਨਾਅਰੇ ਦੇ ਨਾਲ ਹੋਈ ਸੀ।

Rest in Peace
Deputy
SANDEEP SINGH
DHALIWAL
Arambh Sri Akhand Path Sahib
Friday, 11 October, 2019 At 11 AM
Bhog Sri Akhand Path Sahib
Sunday, 13 October, 2019 At 12 PM
Sri Gurduara Jot Parkash Sahib Toronto (Canada)
135 Sun Pac Blvd, Brampton, ON L6S 5Z6
For More Info: (647) 688-7279 or (416) 508-2664

ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ
○ 1st class air-condition Transportation
○ 4 Star Hotels
○ Breakfast, lunch & Dinner
e-mail:surprisefares@rogers.com
Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg
Hotel Package | 7 Days............ CAD865
9 Days............ CAD 965
○ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
○ ਗੁਰਦੁਆਰਾ ਪੱਟੀ ਸਾਹਿਬ,
○ ਗੁਰਦੁਆਰਾ ਬਾਲ ਲੀਲਾ ਸਾਹਿਬ,
○ ਗੁਰਦੁਆਰਾ ਸੱਚਾ ਸੌਦਾ ਸਾਹਿਬ
ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ
ਸੰਪਰਕ ਕਰੋ:416 926 8250
Security & First Aid will be provided!
208-1555 Kingston rd, Pickering L1V 0E9 | 103-100 Dynamic Drive Toronto M1V 5C4

RE-ELECT

Liberal

# SONIA SIDHU

BRAMPTON SOUTH

ਹਰ ਵਰਗ ਨੂੰ ਮੁੱਖ ਰੱਖਦੇ ਹੋਏ ਲਿਬਰਲ ਪਾਰਟੀ ਵੱਲੋਂ ਨਵਾਂ ਪਲੈਟਫਾਰਮ ਜਾਰੀ ਕੀਤਾ ਗਿਆ ਹੈ, ਤਾਂ ਕਿ ਹਰ ਕਿਸੇ ਕੋਲ ਵਧੀਆ ਭਵਿੱਖ ਅਤੇ ਸਹੂਲਤਾਂ ਹੋਣ।

- ਕਾਲਜ/ਯੂਨੀਵਰਸਿਟੀ ਜਾਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਲਈ ਸਸਤੀ ਪੜ੍ਹਾਈ
- ਸਸਤੀਆਂ ਦਵਾਈਆਂ ਲਈ ਯੂਨੀਵਰਸਲ ਫਾਰਮਾਕੇਅਰ
- ਮਿਡਲ ਕਲਾਸ ਲਈ ਟੈਕਸ ਘਟਾਉਣੇ
- ਸੈੱਲ ਫੋਨ ਦੇ ਬਿੱਲ 25% ਘਟਾਉਣੇ
- ਸੀਨੀਅਰਜ਼ ਦੀ ਪੈਨਸ਼ਨ 'ਚ ਹੋਰ ਵਾਧਾ

ਕਿਉਂਕਿ ਲਿਬਰਲ ਪਾਰਟੀ ਕੈਨੇਡੀਅਨਜ਼ 'ਚ ਇਨਵੈਸਟ ਕਰਨ 'ਚ ਵਿਸ਼ਵਾਸ ਕਰਦੀ ਹੈ,
ਕੱਟ ਲਗਾਉਣ ਅਤੇ ਝੂਠੇ ਵਾਅਦਿਆਂ 'ਚ ਨਹੀਂ।
21 ਅਕਤੂਬਰ ਨੂੰ, ਬ੍ਰੈਂਪਟਨ ਦੇ ਵਧੀਆ ਭਵਿੱਖ ਲਈ ਲਿਬਰਲ ਪਾਰਟੀ ਨੂੰ ਵੋਟ ਪਾਓ!



CHOOSE FORWARD

(289) 498-0180
info@sonialiberal.ca
205 County Court Blvd.
/soniasidhuliberal
@SoniaSidhu
@soniaLiberal

sonialiberal.ca

Authorized by the Official Agent for Sonia Sidhu.

Authorized by the official agent of Ruby Sahota



# RE-ELECT RUBY SAHOTA

Liberal Candidate for Brampton North

## When Ruby Sahota Is Re-Elected, Families Will:

- Save nearly $600 a year by lower taxes;
- See Old Age Security go up by 10% when they turn 75;
- Save $1000 a year on their family's cell phone plans;
- Get interest-free loans and hundreds of dollars in incentives to retrofit their home and save more money on bills;
- Save $800 a year when we lower fees for child care;
- Get more money to help raise newborns with a boosted Canada Child Benefit; and
- Make college and university for affordable for Canadian students.

Campaign Office: 860 North Park Drive, Brampton ON L6S 4N5 — 905-615-8454
www.rubysahota.liberal.ca @ RubySahotaLib



# ਇਸ ਸਮੇਂ ਬਰੈਂਪਟਨ ਨੂੰ ਇਕ ਹੋਰ ਨਵੇਂ ਹਸਪਤਾਲ ਦੀ ਲੋੜ ਹੈ।

ਇਸ ਕਰਕੇ **NDP** ਸੰਪੂਰਨ ਹੈਲਥਕੇਅਰ ਕਵਰੇਜ ਦਾ ਐਲਾਨ ਕਰਦੀ ਹੈ, ਜਿਸ ਨਾਲ ਬਰੈਂਪਟਨ ਦੇ ਵਿਚ ਇਕ ਨਵਾਂ ਹਸਪਤਾਲ, ਸਿਰ ਤੋਂ ਲੈ ਕੇ ਪੈਰਾਂ ਤੱਕ ਸਿਹਤ ਸੇਵਾਵਾਂ ਅਤੇ ਦੰਦਾਂ ਤੇ ਅੱਖਾਂ ਦਾ ਇਲਾਜ ਵੀ ਸ਼ਾਮਿਲ ਹੈ।

## Team Brampton



MELISSA EDWARDS for Brampton North
SARANJIT SINGH for Brampton East
MANDEEP KAUR for Brampton South
NAVJIT KAUR for Brampton West
JORDAN BOSWELL for Brampton Centre

**21 ਅਕਤੂਬਰ ਨੂੰ ਤੁਸੀ NDP ਅਤੇ ਜਗਮੀਤ ਸਿੰਘ ਨੂੰ ਵੋਟ ਪਾਕੇ ਕਾਮਜ਼ਾਬ ਕਰੋ।**

ndp.ca

ਜਗਮੀਤ ਸਿੰਘ ਹਮੇਸ਼ਾ ਤੁਹਾਡੀ ਸੇਵਾ ਵਿਚ

Jagmeet Singh NDP

Paid for and authorized by the official agent of the candidate. cope:225-gb

VOTE
Baljit Bawa
FOR BRAMPTON CENTRE

PPC
PEOPLE'S PARTY OF CANADA



Key Focus

- Affordability for Canadian's
- Lower income taxes and No corporate welfare
- Economic Immigration with a focus on integration
- Fight climate change
- Focusing on security and prosperity of Canadians by investing in safer communities

416-728-4142 info@electbawa.ca 25 Kings Cross Rd



OUR PLAN TO PUT MORE MONEY IN YOUR POCKET:

- Scrapping the Carbon Tax
- EI Maternity and Parental Benefits
  Savings of up to $4,000
- Green Public Transit Tax Credit
  Savings of up to $1,000
- Universal Tax Reduction
  Savings of up to $850/couple per year

VOTE OCT 21st, 2019



SARABJIT KAUR
ETOBICOKE NORTH
sarabjitkaur.ca | 416.748.9696 | @ElectSarabjitK
1753 Albion Road, Unit #9, Etobicoke, ON
Off: 416.743.5710

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF SARABJIT KAUR



IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators
for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677